
# ਕੈਨੇਡੀਅਨ ਸੂਬੇ 'ਚ ਦਸਤਾਰ 'ਤੇ ਪਾਬੰਦੀ ਲਗਾਉਣ ਦਾ ਮਾਮਲਾ ਭਖਿਆ, ਕਾਨੂੰਨ ਰੱਦ ਕਰਨ ਦੀ ਮੰਗ



ਟੋਰਾਂਟੋ- 32 ਦੇਸ਼ਾਂ ਦੀਆਂ ਕੌਮੀ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੀ ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਕੈਨੇਡਾ ਦੇ ਕਿਊਬਿਕ ਸੂਬੇ ਵੱਲੋਂ ਲਾਗੂ ਕੀਤੇ ਵਿਵਾਦਤ 'ਬਿੱਲ-21' ਨਾਮੀ ਕਾਨੂੰਨ ਦੀ ਸਖ਼ਤ ਨਿਖੇਧੀ ਕਰਦਿਆਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (ਯੂ.ਐਨ.ਐਚ.ਆਰ.ਸੀ.) ਅਤੇ ਕੈਨੇਡਾ ਦੀ ਫੈਡਰਲ ਸਰਕਾਰ ਨੂੰ ਇਸ ਵਿਵਾਦਤ ਕਾਨੂੰਨ ਨੂੰ ਤੁਰੰਤ ਰੱਦ ਕਰਨ ਦੀ ਅਪੀਲ ਕੀਤੀ ਹੈ ਜਿਸ ਵਿੱਚ ਜਨਤਕ ਖੇਤਰ ਵਿੱਚ ਨੌਕਰੀਪੇਸ਼ਾ ਸਿੱਖਾਂ ਨੂੰ ਦਫ਼ਤਰਾਂ ਅਤੇ ਕੰਮ ਦੌਰਾਨ ਧਾਰਮਿਕ ਚਿੰਨ੍ਹ ਪਹਿਨਣ 'ਤੇ ਪਾਬੰਦੀ ਲਗਾਈ ਗਈ ਹੈ।

ਜੀ.ਐਸ.ਸੀ. ਨੇ ਕਿਹਾ ਹੈ ਕਿ ਇਹ ਕਾਨੂੰਨ ਮਨੁੱਖੀ ਅਧਿਕਾਰਾਂ ਪ੍ਰਤੀ ਸੰਯੁਕਤ ਰਾਸ਼ਟਰ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੀ ਸਿੱਧੇ ਤੌਰ 'ਤੇ ਉਲੰਘਣਾ ਕਰਦਾ ਹੈ ਜਿਸ 'ਤੇ ਕੈਨੇਡਾ ਸਰਕਾਰ ਵੱਲੋਂ ਦਸਤਖ਼ਤ ਕੀਤੇ ਹੋਏ ਹਨ। ਇਸ ਕਰਕੇ ਕੈਨੇਡਾ ਦੀ ਫੈਡਰਲ ਸਰਕਾਰ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਤੋਂ ਇਸ ਭਖਵੇਂ ਮਾਮਲੇ 'ਤੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਬਿਆਨ ਵਿੱਚ ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਡਾ. ਕੰਵਲਜੀਤ ਕੌਰ, ਓ.ਬੀ.ਈ. ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੈਨੇਡਾ ਮੁਲਕ ਦਾ ਸੰਵਿਧਾਨ ਸਾਰੇ ਦੇਸ਼ ਦੇ ਨਾਗਰਿਕਾਂ ਨੂੰ ਧਰਮ ਦੀ ਆਜ਼ਾਦੀ ਦੀ ਗਾਰੰਟੀ ਦਿੰਦਾ ਹੈ। ਇਸ ਤੋਂ ਇਲਾਵਾ ਨਸਲੀ ਅਤੇ ਧਾਰਮਿਕ ਅਧਿਕਾਰਾਂ ਦੀ ਰਾਖੀ ਕਰਨ ਦੇ ਵਚਨਬੱਧ ਵਾਲੀਆਂ ਸੰਯੁਕਤ ਰਾਸ਼ਟਰ ਦੀਆਂ ਸੰਧੀਆਂ ਨੂੰ ਕੈਨੇਡਾ ਨੇ ਪ੍ਰਵਾਨ ਕੀਤਾ ਹੋਇਆ ਹੈ। ਉਨਾਂ ਕਿਹਾ ਕਿ ਕਿਊਬਿਕ ਰਾਜ ਦਾ ਇਹ ਕਾਨੂੰਨ ਆਪਣੇ ਨਾਗਰਿਕਾਂ ਨਾਲ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਦੇ ਅਧਾਰ 'ਤੇ ਵਿਤਕਰੇ ਨੂੰ ਜਾਇਜ਼ ਠਹਿਰਾਉਂਦਾ ਹੈ ਅਤੇ ਉਹਨਾਂ ਦੇ ਬੁਨਿਆਦੀ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਉਨ੍ਹਾਂ ਕਿਊਬਿਕ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕਰਦਿਆਂ ਕਿਹਾ ਕਿ ਇਹ ਕਾਨੂੰਨ ਸੂਬਾਈ ਸਰਕਾਰ ਨੂੰ ਧਾਰਮਿਕ ਪ੍ਰਗਟਾਵੇ ਦੀ ਉਲੰਘਣਾ ਕਰਨ ਅਤੇ ਪ੍ਰਸ਼ਾਸ਼ਨ ਨੂੰ ਇਹ ਲਾਗੂ ਕਰਨ ਦੀ ਆਗਿਆ ਦਿੰਦਾ ਹੋਇਆ ਇੱਕ ਖ਼ਤਰਨਾਕ ਮਿਸਾਲ ਕਾਇਮ ਕਰਦਾ ਹੈ ਕਿ ਇਸਦੇ ਵਸਨੀਕ ਕੀ ਪਹਿਨਣ ਜਾਂ ਕੀ ਨਾ ਪਹਿਨਣ। ਡਾ. ਕੰਵਲਜੀਤ ਕੌਰ ਨੇ ਯੂ.ਐਨ.ਐਚ.ਆਰ.ਸੀ., ਨਾਗਰਿਕ ਸੁਤੰਤਰਤਾ ਸੰਗਠਨਾਂ, ਕੈਨੇਡਾ ਦੇ ਸਮੂਹ ਸੰਸਦ ਮੈਂਬਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਕਿਊਬਿਕ ਵਿੱਚ ਧਾਰਮਿਕ ਆਜ਼ਾਦੀ 'ਤੇ ਹੋਏ ਇਸ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਵੀ ਅਪੀਲ ਕੀਤੀ ਕਿ ਉਹ ਵਿਵਾਦਤ ਬਿੱਲ-21 ਦੇ ਵਿਰੋਧ ਵਿੱਚ ਸ਼ਾਮਲ ਹੋ ਕੇ ਉਥੇ ਵੱਸਦੇ ਸਿੱਖਾਂ ਨੂੰ ਬਣਦਾ ਇਨਸਾਫ ਦਿਵਾਉਣ ਲਈ ਇਸ ਕਾਨੂੰਨ ਨੂੰ ਅੰਤਰਰਾਸ਼ਟਰੀ ਨਿਆਂ ਅਦਾਲਤ ਵਿੱਚ ਚੁਣੌਤੀ ਦੇਵੇ। ਕੌਂਸਲ ਦੀ ਪ੍ਰਧਾਨ ਨੇ ਕਿਹਾ ਕਿ ਦੁਨੀਆ ਭਰ ਦੇ ਸਿੱਖਾਂ ਨੂੰ ਆਪਣਾ ਧਰਮ ਨਿਭਾਉਣ ਲਈ ਆਪੋ-ਆਪਣੇ ਮੁਲਕਾਂ ਵਿੱਚ ਲਾਜ਼ਮੀ ਕਕਾਰ ਪਹਿਨਣ, ਦਸਤਾਰ ਸਜਾਉਣ ਅਤੇ ਦਾੜੀ-ਕੇਸ ਰੱਖਦੇ ਹੋਏ ਆਪਣੀ ਧਾਰਮਿਕ ਪਛਾਣ ਬਣਾਈ ਰੱਖਣ ਦੀ ਪੂਰੀ ਇਜਾਜ਼ਤ ਹੈ ਪਰ ਸਿਰਫ ਕਿਊਬਿਕ ਸੂਬੇ ਵਿੱਚ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਹਨ। ਦੱਸਣਯੋਗ ਹੈ ਕਿ ਧਰਮ ਨਿਰਪੱਖਤਾ ਦੀ ਆੜ ਹੇਠ ਕਿਊਬਿਕ ਸੂਬੇ ਦਾ 'ਬਿੱਲ 21' ਅਧਿਆਪਕਾਂ, ਪੁਲਸ ਅਧਿਕਾਰੀਆਂ, ਵਕੀਲਾਂ ਅਤੇ ਹੋਰ ਜਨਤਕ ਖੇਤਰ ਦੇ ਕਰਮਚਾਰੀਆਂ ਨੂੰ ਆਪਣੇ ਧਾਰਮਿਕ ਚਿੰਨ੍ਹ, ਜਿਵੇਂ ਕਿ ਮੁਸਲਮਾਨਾਂ ਲਈ ਹੈੱਡ ਸਕਾਰਫ਼, ਸਿੱਖਾਂ ਲਈ ਦਸਤਾਰ, ਯਹੂਦੀਆਂ ਲਈ ਯਾਰਮੁਲਕੇ ਅਤੇ ਈਸਾਈਆਂ ਨੂੰ ਕ੍ਰਾਸ ਪਹਿਨਣ ਤੋਂ ਰੋਕਦਾ ਹੈ। ਜੀ.ਐਸ.ਸੀ. ਨੇ ਕਿਹਾ ਹੈ ਕਿ ਇਹ ਕਾਨੂੰਨ ਨਾ ਸਿਰਫ਼ ਧਾਰਮਿਕ ਆਜ਼ਾਦੀ ਨੂੰ ਸੀਮਤ ਕਰਦਾ ਹੈ ਸਗੋਂ ਕਿਊਬਿਕ ਰਾਜ ਵਿੱਚ ਨਸਲੀ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਗੈਰ-ਅਨੁਪਾਤਕ ਤੌਰ 'ਤੇ ਪ੍ਰਭਾਵਿਤ ਕਰਦਾ ਹੋਇਆ ਉਨ੍ਹਾਂ ਧਰਮਾਂ ਦੇ ਨਾਗਰਿਕਾਂ ਦੀ ਸੂਬੇ ਵਿੱਚੋਂ ਬੇਦਖਲ ਕਰਨ ਦਾ ਮਾਹੌਲ ਵੀ ਬਣਾਉਂਦਾ ਹੈ। ਕੌਂਸਲ ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਕਿਹਾ ਕਿ 'ਬਿੱਲ 21' ਕੈਨੇਡਾ ਦੇ ਸੰਵਿਧਾਨ ਵਿੱਚ ਦਰਜ ਜਨਤਕ ਪ੍ਰਗਟਾਵੇ ਅਤੇ ਧਰਮ ਦੀ ਆਜ਼ਾਦੀ ਦੀ ਸ਼ਰੇਆਮ ਉਲੰਘਣਾ ਕਰਦਾ ਹੈ। ਇਸ ਤੋਂ ਇਲਾਵਾ ਇਹ ਕਾਨੂੰਨ ਧਾਰਮਿਕ ਚਿੰਨ੍ਹ ਪਹਿਨਣ ਵਾਲੇ ਨਾਗਰਿਕਾਂ ਨੂੰ ਆਪਣਾ ਬਿਹਤਰ ਭਵਿੱਖ ਸਿਰਜਣ, ਜਨਤਕ ਸੇਵਾਵਾਂ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਘੱਟ ਕਰਨ ਅਤੇ ਪੇਸ਼ੇਵਰ ਵਿਕਾਸ ਦੇ ਮੌਕਿਆਂ ਨੂੰ ਸੀਮਤ ਕਰਦਾ ਹੈ। ਉਨਾਂ 'ਬਿੱਲ 21' ਦੇ ਮਾੜੇ ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਨੂੰ ਹੋਰ ਉਜਾਗਰ ਕਰਦਿਆਂ ਕਿ ਬਹੁਤ ਸਾਰੇ ਪ੍ਰਤਿਭਾਸ਼ਾਲੀ ਪੇਸ਼ੇਵਰ ਕਿਊਬਿਕ ਛੱਡ ਕੇ ਕੈਨੇਡਾ ਦੇ ਹੋਰ ਸੂਬਿਆਂ ਵਿੱਚ ਨੌਕਰੀਆਂ ਲੱਭਣ ਲਈ ਹਿਜਰਤ ਕਰ ਗਏ ਹਨ। ਇਸ ਕਰਕੇ ਕਿਊਬਿਕ ਤੋਂ ਰੌਸ਼ਨ ਦਿਮਾਗ ਧਾਰਮਿਕ ਸਿੱਖਾਂ ਦਾ ਨਿਕਾਸ ਉਨ੍ਹਾਂ ਸੂਬਿਆਂ ਵਿੱਚ ਹੋ ਰਿਹਾ ਹੈ ਜੋ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਦੇ ਅਧਿਕਾਰਾਂ ਦਾ ਸਨਮਾਨ ਕਰਦੇ ਹਨ। ਗਲੋਬਲ ਸਿੱਖ ਕੌਂਸਲ ਨੇ 'ਬਿੱਲ 21' ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਹੈ ਕਿ ਉਥੇ ਸਭ ਧਰਮਾਂ ਨਾਲ ਸਬੰਧਿਤ ਸਾਰੇ ਜਨਤਕ ਕਰਮਚਾਰੀਆਂ ਨੂੰ ਵੀ ਕਿਊਬਿਕ ਦੀ ਨੈਸ਼ਨਲ ਅਸੈਂਬਲੀ ਅਤੇ ਸੂਬਾਈ ਵਿਧਾਨ ਸਭਾ ਦੇ ਚੁਣੇ ਮੈਂਬਰਾਂ ਵਾਂਗ ਧਰਮ ਦੇ ਪ੍ਰਗਟਾਵੇ ਵਜੋਂ ਧਾਰਮਿਕ ਚਿੰਨ ਪਹਿਨਣ ਲਈ ਅਧਿਕਾਰ ਦਿੱਤੇ ਜਾਣ। ਡਾ. ਕੰਵਲਜੀਤ ਕੌਰ ਨੇ ਕਿਹਾ ਕਿ ਕਿਊਬਿਕ ਵਿੱਚ ਸਾਰੇ ਭਾਈਚਾਰਿਆਂ ਦੇ ਧਾਰਮਿਕ ਅਧਿਕਾਰਾਂ ਨੂੰ ਬਹਾਲ ਕਰਨ ਅਤੇ ਪੂਰੇ ਕੈਨੇਡਾ ਵਿੱਚ ਬਰਾਬਰੀ, ਧਾਰਮਿਕ ਆਜ਼ਾਦੀ ਅਤੇ ਸ਼ਮੂਲੀਅਤ ਦੇ ਸਿਧਾਂਤਾਂ ਨੂੰ ਬਰਕਰਾਰ ਰੱਖਣ ਲਈ ਯਕੀਨੀ ਬਣਾਉਂਦੇ ਹੋਏ ਇਸ ਸਖ਼ਤ ਕਾਨੂੰਨ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

# ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਡੋਨਾਲਡ ਟਰੰਪ ਦਾ ਲਗਾਇਆ ਗਿਆ ਨਗਨ ਬੁੱਤ

ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ



ਨੇਵਾਡਾ (ਲਾਸਵੇਗਸ) ਸਤੰਬਰ ਨੂੰ ਐਤਵਾਰ ਨੂੰ ਸਿਲਵਰ ਸਟੇਟ ਵਿੱਚ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਰੈਲੀ ਤੋਂ ਪਹਿਲਾਂ ਲਾਸ ਵੇਗਾਸ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇੱਕ ਅਸੰਭਵ ਤਸਵੀਰ ਦਿਖਾਈ ਦਿੱਤੀ। ਦਸਣਾ ਬਣਦਾ ਹੈ ਕਿ ਅਮਰੀਕਾ 'ਚ ਰਾਸ਼ਟਰਪਤੀ ਚੋਣਾਂ 'ਚ ਹੁਣ ਸਿਰਫ ਕੁੱਝ ਦਿਨ ਬਾਕੀ ਹਨ। ਆਉਣ ਵਾਲੇ ਨਵੰਬਰ ਮਹੀਨੇ 'ਚ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਵਿਚਾਲੇ ਸਖ਼ਤ ਮੁਕਾਬਲਾ ਹੈ। ਸਰਵੇਖਣਾਂ 'ਚ ਕੁਝ ਥਾਵਾਂ 'ਤੇ ਟਰੰਪ ਜਿੱਤ ਰਹੇ ਹਨ ਅਤੇ ਕੁਝ ਥਾਵਾਂ 'ਤੇ ਕਮਲਾ ਹੈਰਿਸ ਦੀ ਜਿੱਤ ਹੈ।

ਸਿਲਵਰ ਸਟੇਟ ਨੇਵਾਡਾ 'ਚ ਕਮਲਾ ਹੈਰਿਸ ਦੀ ਰੈਲੀ ਤੋਂ ਪਹਿਲਾਂ ਲਾਸ ਵੇਗਾਸ 'ਚ ਡੋਨਾਲਡ ਟਰੰਪ ਦਾ ਨਗਨ ਬੁੱਤ ਲਗਾਇਆ ਗਿਆ। ਲਾਸ ਵੇਗਾਸ ਨੇਵਾਡਾ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ। ਦੱਸਿਆ ਜਾ ਰਿਹਾ ਹੈ ਕਿ ਫੋਮ ਨਾਲ ਬਣੀ ਟਰੰਪ ਦੀ ਇਹ ਵੱਡੀ ਮੂਰਤੀ ਆਉਣ ਵਾਲੇ ਕੁਝ ਸਮੇਂ ਲਈ ਇਸ ਤਰ੍ਹਾਂ ਦਿਖਾਈ ਜਾਵੇਗੀ ਅਤੇ ਕਥਿਤ ਤੌਰ 'ਤੇ ਜ਼ਿੰਮੇਵਾਰ ਟੀਮ ਨੇ ਐਲਾਨ ਕੀਤਾ ਹੈ ਕਿ ਆਉਣ ਵਾਲੇ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਇਸ ਨੂੰ ਦੇਸ਼ ਭਰ ਵਿਚ ਫੈਲਾਇਆ ਜਾਵੇਗਾ।

ਡੋਨਾਲਡ ਟਰੰਪ ਦੀ 43 ਫੁੱਟ ਉੱਚੀ ਮੂਰਤੀ ਦਾ ਭਾਰ ਲਗਭਗ 2800 ਕਿਲੋਗ੍ਰਾਮ ਹੈ । ਇਹ ਮੂਰਤੀ ਫੋਮ ਦੀ ਬਣੀ ਹੋਈ ਹੈ। ਇਹ ਪਹਿਲੀ ਵਾਰ ਨਹੀਂ ਹੈ, ਇਸ ਤੋਂ ਪਹਿਲਾਂ ਸਾਲ 2016 ਵਿਚ ਵੀ ਅਮਰੀਕਾ ਦੇ 6 ਸ਼ਹਿਰਾਂ ਵਿਚ ਡੋਨਾਲਡ ਟਰੰਪ ਦੇ ਲਾਈਫ ਸਾਈਜ਼ ਨਗਨ ਬੁੱਤ ਲਗਾਏ ਗਏ ਸਨ। ਉਦੋਂ ਵੀ ਇਸ ਦੀ ਕਾਫੀ ਚਰਚਾ ਹੋਈ ਸੀ ਅਤੇ ਟਰੰਪ ਦੇ ਸਮਰਥਕਾਂ ਨੇ ਕਾਫੀ ਹੰਗਾਮਾ ਕੀਤਾ ਸੀ। ਇਕ ਰਿਪੋਰਟ ਅਨੁਸਾਰ ਟਰੰਪ ਦੀ ਮੂਰਤੀ ਸ਼ੁੱਕਰਵਾਰ ਸ਼ਾਮ ਨੂੰ ਸਥਾਪਿਤ ਕੀਤੀ ਗਈ ਸੀ ਅਤੇ ਉਮੀਦ ਹੈ ਕਿ ਕੁਝ ਸਮੇਂ ਲਈ ਇਸ ਤਰ੍ਹਾਂ ਹੀ ਰਹੇਗਾ ਅਤੇ ਅਮਰੀਕਾ ਦੇ ਹੋਰ ਸ਼ਹਿਰਾਂ ਵਿੱਚ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ। ਇਸ ਨੂੰ ਬਣਾਉਣ ਵਾਲੀ ਟੀਮ ਦਾ ਕਥਿਤ ਤੌਰ 'ਤੇ ਕਹਿਣਾ ਹੈ ਕਿ ਇਹ ਕਦਮ ਨਵੰਬਰ 'ਚ ਹੋਣ ਵਾਲੀਆਂ ਚੋਣਾਂ ਬਾਰੇ ਚਰਚਾ ਨੂੰ ਉਤਸ਼ਾਹਿਤ ਕਰਨ ਲਈ ਚੁੱਕਿਆ ਗਿਆ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



# ਪੂਣੇ 'ਚ ਟੇਕ ਆਫ਼ ਮਗਰੋਂ ਹੈਲੀਕਾਪਟਰ ਹੋਇਆ ਕ੍ਰੈਸ਼, 3 ਲੋਕਾਂ ਦੀ ਮੌਤ



ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ 'ਚ ਅੱਜ ਸਵੇਰੇ ਹੈਲੀਕਾਪਟਰ ਕ੍ਰੈਸ਼ ਹੋਣ ਕਾਰਨ ਵੱਡਾ ਹਾਦਸਾ ਵਾਪਰ ਗਿਆ ਹੈ। ਬਾਵਧਨ ਇਲਾਕੇ 'ਚ ਹੈਲੀਕਾਪਟਰ ਦੇ ਹਾਦਸਾਗ੍ਰਸਤ ਹੋਣ ਕਾਰਨ ਤਿੰਨ ਲੋਕਾਂ ਦੀ ਮੌਤ ਦੀ ਖਬਰ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ ਬਾਵਧਾਨ ਇਲਾਕੇ 'ਚ ਧੁੰਦ ਕਾਰਨ ਹੈਲੀਕਾਪਟਰ ਕ੍ਰੈਸ਼ ਹੋ ਗਿਆ। ਹੈਲੀਕਾਪਟਰ ਦੇ ਧੂੰਏਂ 'ਚ ਸੜਨ ਦਾ ਵੀਡੀਓ ਵੀ ਸਾਹਮਣੇ ਆਇਆ ਹੈ। ਦੇਖਿਆ ਜਾ ਰਿਹਾ ਹੈ ਕਿ ਹੈਲੀਕਾਪਟਰ ਝਾੜੀਆਂ ਵਿੱਚ ਡਿੱਗ ਗਿਆ ਅਤੇ ਅੱਗ ਲੱਗ ਗਈ।

ਪੁਲਿਸ ਨੇ ਦੱਸਿਆ ਕਿ ਇੱਕ ਮੰਦਭਾਗੀ ਘਟਨਾ ਵਿੱਚ, ਬੁੱਧਵਾਰ ਸਵੇਰੇ ਪੁਣੇ ਵਿੱਚ ਇੱਕ ਹੈਲੀਕਾਪਟਰ ਦੇ ਹਾਦਸਾਗ੍ਰਸਤ ਹੋਣ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ। ਇਹ ਹਾਦਸਾ ਪੁਣੇ ਜ਼ਿਲੇ ਦੇ ਬਾਵਧਨ ਇਲਾਕੇ 'ਚ ਹੋਇਆ। ਹੈਲੀਕਾਪਟਰ ਕ੍ਰੈਸ਼ ਹੋਣ ਤੋਂ ਤੁਰੰਤ ਬਾਅਦ ਅੱਗ ਲੱਗਣ ਕਾਰਨ ਪੂਰੀ ਤਰ੍ਹਾਂ ਤਬਾਹ ਹੋ ਗਿਆ। ਘਟਨਾ ਤੋਂ ਤੁਰੰਤ ਬਾਅਦ ਦੋ ਐਂਬੂਲੈਂਸਾਂ ਅਤੇ ਚਾਰ ਫਾਇਰ ਇੰਜਣਾਂ ਨੂੰ ਮੌਕੇ 'ਤੇ ਭੇਜਿਆ ਗਿਆ।

ਇਹ ਘਟਨਾ ਸਵੇਰੇ ਕਰੀਬ 6:45 ਵਜੇ ਬਾਵਧਨ ਇਲਾਕੇ ਦੇ ਪਹਾੜੀ ਇਲਾਕੇ 'ਚ ਵਾਪਰੀ, ਜਦੋਂ ਹੈਲੀਕਾਪਟਰ ਨੇੜਲੇ ਹੈਲੀਪੈਡ ਤੋਂ ਉਡਾਣ ਭਰ ਰਿਹਾ ਸੀ। ਰਿਪੋਰਟਾਂ ਮੁਤਾਬਕ ਹੈਲੀਕਾਪਟਰ 'ਚ ਦੋ ਪਾਇਲਟ ਅਤੇ ਇਕ ਇੰਜੀਨੀਅਰ ਸਮੇਤ ਤਿੰਨ ਲੋਕ ਸਵਾਰ ਸਨ। ਹਾਦਸੇ 'ਚ ਤਿੰਨਾਂ ਦੀ ਜਾਨ ਚਲੀ ਗਈ। ਘਟਨਾ ਦੀ ਜਾਣਕਾਰੀ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਦੇ ਦਿੱਤੀ ਗਈ ਹੈ।

# ਅਮਰੀਕਾ 'ਚ ਦਿਲ ਦਾ ਦੌਰਾ ਪੈਣ ਨਾਲ ਪੰਜਾਬੀ ਨੌਜਵਾਨ ਦੀ ਮੌਤ, 18 ਅਕਤੂਬਰ ਨੂੰ ਹੋਣਾ ਸੀ ਵਿਆਹ



ਪੰਜਾਬ ਦੇ ਜਲੰਧਰ ਨਾਲ ਲੱਗਦੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਤਲਵੰਡੀ ਕੂਕਾ ਦੇ ਇੱਕ ਨੌਜਵਾਨ ਦੀ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਗੁਰਜੀਤ ਸਿੰਘ 32 ਸਾਲ ਪੁੱਤਰ ਗੁਰਦੇਵ ਸਿੰਘ ਨੇ ਅੱਜ ਪੰਜਾਬ ਆਉਂਣਾ ਸੀ ਪਰ ਉਸ ਤੋਂ ਪਹਿਲਾ ਹੀ ਪਰਿਵਾਰ ਨੂੰ ਨੌਜਵਾਨ ਦੀ ਮੌਤ ਦੀ ਖਬਰ ਮਿਲ ਗਈ। ਸੂਚਨਾ ਮਿਲਦਿਆਂ ਹੀ ਪਰਿਵਾਰ 'ਚ ਸੋਗ ਦੀ ਲਹਿਰ ਹੈ। ਮਿਲੀ ਜਾਣਕਾਰੀ ਅਨੁਸਾਰ ਅਮਰੀਕਾ ਦੇ ਕੈਲੀਫੋਰਨੀਆ ਸ਼ਹਿਰ ਵਿੱਚ ਰਹਿ ਰਹੇ ਗੁਰਜੀਤ ਸਿੰਘ ਨੇ ਪੰਜਾਬ ਆਉਣਾ ਸੀ। ਫਲਾਈਟ ਲੈਣ ਤੋਂ ਪਹਿਲਾਂ ਉਹ ਉੱਥੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਗਿਆ। ਮੱਥਾ ਟੇਕ ਕੇ ਵਾਪਸ ਪਰਤਿਆ ਹੀ ਉਸ ਦੇ ਛਾਤੀ ਵਿੱਚ ਦਰਦ ਸ਼ੁਰੂ ਹੋ ਗਿਆ, ਜਿਸ ਤੋਂ ਬਾਅਦ ਉਸ ਦੇ ਦੋਸਤਾਂ ਵੱਲੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ। ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# ਪੇਜ ਇੱਕ ਦੀ ਬਾਕੀ

## ਦੱਖਣੀ ਗਾਜ਼ਾ 'ਚ ਇਜ਼ਰਾਈਲ...

ਜਾ ਰਹੀ ਹੈ। ਫ਼ੌਜ ਨੇ ਦੱਖਣੀ ਲਿਬਨਾਨ ਦੇ 24 ਹੋਰ ਪਿੰਡਾਂ ਦੇ ਲੋਕਾਂ ਨੂੰ ਉਥੋਂ ਸੁਰੱਖਿਅਤ ਥਾਵਾਂ 'ਤੇ ਚਲੇ ਜਾਣ ਲਈ ਕਿਹਾ ਹੈ। ਜੰਗ ਤੇਜ਼ ਹੋਣ ਮਗਰੋਂ ਇਲਾਕੇ 'ਚੋਂ ਪਹਿਲਾਂ ਹੀ ਹਜ਼ਾਰਾਂ ਲੋਕ ਆਪਣੇ ਘਰ-ਬਾਰ ਛੱਡ ਚੁੱਕੇ ਹਨ। ਇਰਾਨ ਨੇ ਮੰਗਲਵਾਰ ਨੂੰ ਇਜ਼ਰਾਈਲ 'ਤੇ 180 ਮਿਜ਼ਾਈਲਾਂ ਦਾਗ਼ੀਆਂ।

ਇਰਾਨ ਨੇ ਵੱਡੀ ਗਲਤੀ ਕੀਤੀ: ਨੇਤਨਯਾਹੂ

ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਰਾਨ ਨੇ ਬਹੁਤ ਵੱਡੀ ਗਲਤੀ ਕੀਤੀ ਹੈ ਅਤੇ ਉਸ ਨੂੰ ਹਮਲੇ ਦਾ ਜਵਾਬ ਦਿੱਤਾ ਜਾਵੇਗਾ। ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਦੇ ਮੁਲਕ ਦੀ ਸੁਰੱਖਿਆ ਖ਼ਤਰੇ 'ਚ ਪਈ ਤਾਂ ਉਹ ਇਜ਼ਰਾਈਲ 'ਤੇ ਹੋਰ ਜ਼ੋਰਦਾਰ ਹਮਲਾ ਕਰੇਗਾ।

## ਕੈਨੇਡਾ: ਟਰੂਡੋ ਮੁੜ...

ਕੋਲ 33 ਤੇ ਗ੍ਰੀਨ ਪਾਰਟੀ ਕੋਲ ਸਿਰਫ਼ ਦੋ ਸੀਟਾਂ ਹਨ। ਮੁੱਖ ਵਿਰੋਧੀ ਧਿਰ ਟੋਰੀਜ਼ ਕੋਲ 124 ਸੀਟਾਂ ਹਨ। ਕੰਜ਼ਰਵੇਟਿਵ ਪਾਰਟੀ ਤੀਜੀ ਕੋਸ਼ਿਸ਼ ਵਜੋਂ ਕ੍ਰਿਸਮਸ ਤੋਂ ਪਹਿਲਾਂ ਘੱਟੋ-ਘੱਟ ਇਕ ਹੋਰ ਬੇਭਰੋਸਗੀ ਮਤਾ ਸੰਸਦ ਵਿਚ ਲਿਆ ਸਕਦੀ ਹੈ। ਕੰਜ਼ਰਵੇਟਿਵ ਪਾਰਟੀ ਜਲਦੀ ਚੋਣਾਂ ਚਾਹੁੰਦੀ ਹੈ ਕਿਉਂਕਿ ਸਰਵੇਖਣਾਂ ਮੁਤਾਬਕ ਇਸ ਸਮੇਂ ਉਨ੍ਹਾਂ ਕੋਲ ਸਭ ਤੋਂ ਵੱਧ ਜਨ ਸਮਰਥਨ ਹੈ।

**ਬਲਾਕ ਕਿਊਬਕ ਨੇ 29 ਤੱਕ ਦੀ ਮੋਹਲਤ ਦਿੱਤੀ**

ਬਲਾਕ ਕਿਊਬਕ, ਜੋ ਕਿਊਬਿਕ ਸੂਬੇ ਦੀ ਆਜ਼ਾਦੀ ਚਾਹੁੰਦਾ ਹੈ, ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਉਹ ਬਜ਼ੁਰਗਾਂ ਦੀਆਂ ਪੈਨਸ਼ਨਾਂ ਵਧਾਉਣ ਦੇ ਬਦਲੇ ਘੱਟੋ-ਘੱਟ ਇਸ ਮਹੀਨੇ ਦੇ ਅੰਤ ਤੱਕ ਟਰੂਡੋ ਸਰਕਾਰ ਦੀ ਹਮਾਇਤ ਕਰੇਗੀ। ਬਲਾਕ ਕਿਊਬਕ ਨੇ ਲਿਬਰਲਾਂ ਨੂੰ ਹਮਾਇਤ ਦੇਣ ਬਦਲੇ ਆਪਣੀਆਂ ਮੰਗਾਂ ਪੂਰੀਆਂ ਕਰਨ ਲਈ 29 ਅਕਤੂਬਰ ਤੱਕ ਦੀ ਮੋਹਲਤ ਦਿੱਤੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਟਰੂਡੋ ਸਰਕਾਰ ਨਿਰਧਾਰਿਤ ਸਮੇਂ ਤੋਂ ਪਹਿਲਾਂ ਡਿੱਗਦੀ ਹੈ ਤਾਂ ਕਾਫ਼ੀ ਐੱਮਪੀ'ਜ਼ ਪੈਨਸ਼ਨਾਂ ਤੋਂ ਵਾਂਝੇ ਹੋ ਸਕਦੇ ਹਨ।

## 300 ਲੋਕਾਂ ਨੂੰ ਲਿਜਾ...

ਵਿੱਚ ਲਗਭਗ 300 ਲੋਕ ਸਵਾਰ ਸਨ। ਸੋਮਵਾਰ ਰਾਤ ਨਾਈਜਰ ਰਾਜ ਦੇ ਮੋਕਵਾ ਜ਼ਿਲ੍ਹੇ ਵਿੱਚ ਨਾਈਜਰ ਨਦੀ ਵਿੱਚ ਕਿਸ਼ਤੀ ਪਲਟ ਗਈ। ਸਥਾਨਕ ਮੀਡੀਆ ਨੇ ਦੱਸਿਆ ਕਿ ਹੁਣ ਤੱਕ ਨਦੀ 'ਚੋਂ 11 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚ ਨੌਂ ਪੁਰਸ਼ ਅਤੇ ਦੋ ਔਰਤਾਂ ਸ਼ਾਮਲ ਹਨ। ਨਾਈਜਰ ਰਾਜ ਦੀਆਂ ਐਮਰਜੈਂਸੀ ਸੇਵਾਵਾਂ ਦੇ ਮੁਖੀ ਅਬਦੁੱਲਾਹੀ ਬਾਬਾ-ਅਰਾਹ ਦੇ ਅਨੁਸਾਰ, ਸਥਾਨਕ ਗੋਤਾਖੋਰਾਂ ਅਤੇ ਵਲੰਟੀਅਰਾਂ ਨੇ ਬੁੱਧਵਾਰ ਸਵੇਰ ਤੱਕ ਘੱਟੋ-ਘੱਟ 150 ਲੋਕਾਂ ਨੂੰ ਬਚਾਇਆ।

## ਅੰਤਰਰਾਸ਼ਟਰੀ ਵਿਦਿਆਰਥੀਆਂ...

ਆਪਣੇ ਦੇਸਾਂ ਨੂੰ ਭੇਜਣ ਦੀ ਪ੍ਰਕਿਰਿਆ (ਡੀਪੋਰਟੇਸ਼ਨ) ਉੱਪਰ ਅਮਲ ਨੂੰ ਰੋਕਣਾ ਸ਼ਾਮਲ ਹਨ। ਵਿਦਿਆਰਥੀਆਂ ਦੀਆਂ ਇਹ ਮੰਗਾਂ ਉਨ੍ਹਾ ਦੇ ਨੇਤਾਵਾਂ ਅਮਰਦੀਪ, ਮਹਿਕ ਅਤੇ ਵੱਲੋਂ ਬੜੇ ਵਧੀਆਂ ਤਰ੍ਹਾਂ ਉਭਾਰੀਆਂ ਜਾ ਰਹੀਆਂ ਹਨ। ਨਵਜੋਤ ਇਸ ਦੇ ਨਾਲ਼ ਨਾਲ਼ ਮੰਚ-ਸੰਚਾਲਨ ਦਾ ਕੰਮ ਵੀ ਬਾਖ਼ੂਬੀ ਸੰਭਾਲ ਰਹੀ ਸੀ। ਇਨ੍ਹਾਂ ਸੰਘਰਸ਼ਸ਼ੀਲ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੂੰ ਪੜ੍ਹਾਈ ਲਈ ਕੈਨੇਡਾ ਸਰਕਾਰ ਵੱਲੋਂ 'ਸਟੂਡੈਂਟ ਵੀਜ਼ੇ' ਦਿੱਤੇ ਗਏ ਸਨ ਤਾਂ ਉਨ੍ਹਾਂ ਵਿਚ ਇੱਥੇ ਦੋ ਤੋਂ ਤਿੰਨ ਸਾਲ ਲਈ ਵਰਕ-ਪਰਮਿਟ ਦੇਣਾ ਅਤੇ ਪੀ.ਆਰ. ਲਈ ਅਰਜ਼ੀਆਂ ਦਾਖ਼ਲ ਕਰਨਾ ਵੀ ਸ਼ਾਮਲ ਸੀ। ਪਰ ਹੁਣ ਉਨ੍ਹਾਂ ਨੂੰ ਪੀ. ਆਰ. ਨਹੀਂ ਦਿੱਤੀ ਜਾ ਰਹੀ ਤੇ ਨਾ ਹੀ ਉਨ੍ਹਾਂ ਦੇ ਵਰਕ-ਪਰਮਿਟਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ ਅਤੇ ਇੱਥੋਂ ਨਿਕਲਣ ਦੇ ਹੁਕਮ ਦਿੱਤੇ ਜਾ ਰਹੇ ਹਨ।

ਲੰਘੇ ਸ਼ਨੀਵਾਰ 28 ਸਤੰਬਰ ਨੂੰ ਪੰਜਾਬੀ ਕਮਿਊਨਿਟੀ ਦੇ ਮੈਂਬਰ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਇਸ ਧਰਨੇ ਵਿਚ ਸ਼ਾਮਲ ਹੋਏ। ਵਿਦਿਆਰਥੀਆਂ ਦਾ ਧਰਨਾ ਤਾਂ ਸਵੇਰ ਤੋਂ ਹੀ ਚੱਲ ਰਿਹਾ ਸੀ। ਉਨ੍ਹਾਂ ਵੱਲੋਂ ਦਿੱਤੇ ਗਏ ਸੱਦੇ 'ਤੇ ਬਾਅਦ ਦੁਪਹਿਰ ਦੋ ਵਜੇ ਆਰੰਭ ਹੋਈ ਰੈਲੀ ਵਿਚ ਨਾ ਕੇਵਲ ਪੰਜਾਬੀ ਕਮਿਊਨਿਟੀ ਦੇ ਮੈਂਬਰ ਹੀ ਵੱਡੀ ਗਿਣਤੀ ਵਿੱਚ ਇਸ ਰੈਲੀ ਵਿਚ ਸ਼ਾਮਲ ਹੋਏ, ਸਗੋਂ ਉਨ੍ਹਾਂ ਵਿਚ ਹੋਰ ਕਮਿਊਨਿਟੀਆਂ ਲੋਕ ਵੀ ਸ਼ਾਮਲ ਸਨ। ਉਨ੍ਹਾਂ ਵੱਲੋਂ ਇਸ ਰੈਲੀ ਵਿਚ ਵਿਦਿਆਰਥੀਆਂ ਦੀ ਮੰਗਾਂ ਦਾ ਸਮੱਰਥਨ ਕੀਤਾ ਗਿਆ ਅਤੇ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਉਹ ਇਹ ਮੰਗਾਂ ਪ੍ਰਵਾਨ ਕਰਕੇ ਇਨ੍ਹਾਂ ਵਿਦਿਆਰਥੀਆਂ ਨੂੰ ਜਲਦੀ ਤੋਂ ਜਲਦੀ ਕੈਨੇਡਾ ਦੇ 'ਪੱਕੇ ਵਾਸੀ' ਬਣਾਏ। ਇਸ ਮੌਕੇ ਬੁਲਾਰਿਆਂ ਵਿਚ ਪੰਜਾਬੀ ਕਮਿਊਨਿਟੀ ਦੇ ਆਗੂ ਇੰਦਰਜੀਤ ਸਿੰਘ ਬੱਲ, ਅੰਮ੍ਰਿਤ ਢਿੱਲੋਂ, ਧਰਮਪਾਲ ਸਿੰਘ ਸੰਧੂ, ਐਡਵੋਕੇਟ ਅਮਰਜੀਤ ਸਿੰਘ ਸਿੱਧੂ, ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਤੋਂ ਡਾ. ਸੁਖਦੇਵ ਸਿੰਘ ਝੰਡ, ਸਰਵਿਸਿਜ਼ ਐਂਪਲਾਈਜ਼ ਇੰਟਰਨੈਸ਼ਨਲ ਯੂਨੀਅਨ ਤੋਂ ਰਣਜੋਧ ਸਿੰਘ, ਬਲਦੇਵ ਸਿੰਘ ਸਹਿਦੇਵ, ਗੋਰਿਆਂ ਦੀ ਜੱਥੇਬੰਦੀ 'ਯੂਨਾਈਟਿਡ ਸਟੀਲ ਵਰਕਰਜ਼ ਯੂਨੀਅਨ ਦੀ ਸਰਗ਼ਰਮ ਮਹਿਲਾ ਲੀਡਰ ਕੈਰੋਲਿਨ ਈਗਾਨ ਤੇ ਕਈ ਹੋਰ ਸ਼ਾਮਲ ਸਨ। ਸਰੋਤਿਆਂ ਵਿਚ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ, ਦਵਿੰਦਰ ਸਿੰਘ ਤੂਰ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਬਲਦੇਵ ਸਿੰਘ ਸਹਿਦੇਵ, ਹੁਨਰ ਕਾਹਲੋਂ, ਡਾ. ਸੁਰਿੰਦਰਜੀਤ ਕੌਰ, ਜਗਦੀਸ਼ ਕੌਰ ਝੰਡ, ਜਗਦੀਸ਼ ਕੌਰ ਕਾਹਲੋਂ ਅਤੇ ਕਈ ਹੋਰ ਸ਼ਾਮਲ ਸਨ। ਇਹ ਰੈਲੀ ਲੱਗਭੱਗ ਇੱਕ ਘੰਟਾ ਪੂਰੇ ਜੋਸ਼ ਨਾਲ ਚੱਲਦੀ ਰਹੀ। ਉਪਰੰਤ, ਵਿਦਿਆਰਥੀ ਨੇਤਾਵਾਂ ਵੱਲੋਂ ਕੁਈਨ ਸਟਰੀਟ 'ਤੇ ਵਿਸ਼ਾਲ 'ਰੋਡ ਮਾਰਚ' ਦਾ ਆਯੋਜਨ ਕੀਤਾ ਗਿਆ ਜਿਸ ਵਿਚ ਰੈਲੀ ਵਿਚਲੇ ਸਮੂਹ ਸਮੱਰਥਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਰੋਡ ਮਾਰਚ ਦੇ ਪ੍ਰਬੰਧਕ ਵਿਦਿਆਰਥੀਆਂ ਵੱਲੋਂ ਇਕ ਪਿਕ-ਅੱਪ ਟਰੱਕ ਉੱਪਰ ਲਾਊਡ ਸਪੀਕਰ, ਵੱਡੇ ਸਾਰੇ ਬੈਨਰ ਅਤੇ ਵੱਖ-ਵੱਖ ਰੰਗਾਂ ਦੇ 'ਪਲੇਅ-ਕਾਰਡਾਂ' ਦਾ ਅਗਾਊਂ ਪ੍ਰਬੰਧ ਕੀਤਾ ਗਿਆ ਸੀ। ਇਸ 'ਪੱਕ-ਅੱਪ' ਟਰੱਕ ਦੇ ਮਗਰ ਮਗਰ ਚੱਲਦਿਆਂ ਹੱਥਾਂ ਵਿਚ ਬੈਨਰ ਫੜ੍ਹੀ ਵਿਦਿਆਰਥੀ ਬੁਲੰਦ ਆਵਾਜ਼ ਵਿਚ ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਦੇ ਸਮੱਰਥਕ ਇਨ੍ਹਾਂ ਨਾਅਰਿਆਂ ਦਾ ਉੱਚੀ-ਉੱਚੀ ਭਰਪੂਰ ਹੁੰਗਾਰਾ ਭਰ ਰਹੇ ਸਨ। ਨਾਅਰਿਆਂ ਵਿਚ "ਵੁਈ ਵਾਂਟ -ਪੀ. ਆਰ", "ਵੁਈ ਵਾਂਟ, ਜਸਟਿਸ", "ਵੈੱਨ ਵੁਈ ਵਾਂਟ? - ਜਸਟ ਨਾਓ", "ਡਾਊਨ ਵਿਦ ਡਿਸੀਜ਼ਨ ਆਫ਼ ਡੀਪੋਰਟੇਸ਼ਨ", "ਹੂ ਪਰੌਮਿਜ਼ਡ ਅੱਸ.ਪੀ.ਆਰ.? - ਇਮੀਗਰੇਸ਼ਨ ਮਨਿਸਟਰ", ਆਦਿ ਸ਼ਾਮਲ ਸਨ। ਇਹ ਵਿਸ਼ਾਲ ਮਾਰਚ ਕੁਈਨਜ਼ ਸਟਰੀਟ ਦੇ ਸੱਜੇ ਕਿਨਾਰੇ ਚੱਲਦਿਆਂ ਰੱਦਰਫ਼ੋਰਡ ਤੋਂ ਅੱਗੋਂ ਦੋ ਟਰੈਫ਼ਿਕ-ਲਾਈਟਾਂ ਨੂੰ ਪਾਰ ਕਰਦਾ ਹੋਇਆ ਤੀਸਰੀ ਟਰੈਫ਼ਕ ਲਾਈਟ ਤੋਂ ਵਾਪਸ ਹੋਇਆ ਅਤੇ ਫਿਰ ਇਸ ਸੜਕ ਦੇ ਖੱਬੇ ਕਿਨਾਰੇ 'ਤੇ ਚੱਲਦਾ ਹੋਇਆ ਵਾਪਸ ਰੈਲੀ ਵਾਲੀ ਜਗ੍ਹਾ ਆ ਕੇ ਸਮਾਪਤ ਹੋਇਆ। ਇਸ ਰੈਲੀ ਤੇ ਰੋਡ-ਮਾਰਚ ਦੀ ਬਰੈਂਪਟਨ ਸ਼ਹਿਰ ਵਿਚ ਕਾਫ਼ੀ ਚਰਚਾ ਚੱਲ ਰਹੀ ਹੈ।

## ਕੈਨੇਡਾ ਵਿਚ ਪ੍ਰਵਾਸੀਆਂ ਨੇ...

ਪਹਿਲਾਂ ਭਾਰਤ ਤੋਂ ਕੈਨੇਡਾ ਆਏ ਮਨਨ ਗੁਪਤਾ ਨੇ ਸਰਵੇਖਣ ਦੌਰਾਨ ਕਿਹਾ ਕਿ ਨਵੇਂ ਆਏ ਪ੍ਰਵਾਸੀ ਕੁਝ ਵੱਖਰੇ ਤਰੀਕੇ ਨਾਲ ਸੋਚਦੇ ਹਨ ਪਰ ਲੰਮੇ ਸਮੇਂ ਤੋਂ ਇਥੇ ਰਹਿ ਰਹੇ ਪ੍ਰਵਾਸੀ ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਅਤੇ ਉਸ ਵੇਲੇ ਦੇ ਆਰਥਿਕ ਹਾਲਾਤ ਨਾਲ ਤੁਲਨਾ ਕਰ ਕੇ ਆਪਣਾ ਵਿਚਾਰ ਬਣਾਉਂਦੇ ਹਨ। ਦੂਜੇ ਪਾਸੇ ਛੇ ਸਾਲ ਪਹਿਲਾਂ ਚਾਇਨਾ ਤੋਂ ਬੀ.ਸੀ. ਪੁੱਜੀ ਜੈਨੀ ਯੈਂਗ ਨੇ ਕਿਹਾ ਕਿ ਉਸ ਨੇ ਹਾਲੇ ਵੋਟ ਪਾਉਣ ਦਾ ਮਨ ਨਹੀਂ ਬਣਾਇਆ ਪਰ ਮੌਜੂਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਚਿੰਤਤ ਹੈ। ਜੈਨੀ ਦਾ ਕਹਿਣਾ ਸੀ ਕਿ ਮਕਾਨਾਂ ਦੀਆਂ ਕੀਮਤਾਂ ਵਧ ਰਹੀਆਂ ਹਨ ਅਤੇ ਸਰਕਾਰ ਇਸ ਪਾਸੇ ਅਸਰਦਾਰ ਕਦਮ ਉਠਾਉਣ ਵਿਚ ਨਾਕਾਮ ਰਹੀ ਹੈ। ਇਸੇ ਦੌਰਾਨ ਫਿਲੀਪੀਨਜ਼ ਤੋਂ ਆਏ ਐਲਨ ਰਾਲਫ਼ ਬਾਸਾ ਨੇ ਆਖਿਆ ਕਿ ਇੰਮੀਗ੍ਰੇਸ਼ਨ ਦਾ ਮਸਲਾ ਬੇਹੱਦ ਗੰਭੀਰ ਰੂਪ ਅਖਤਿਆਰ ਕਰ ਚੁੱਕਾ ਹੈ ਅਤੇ ਆਉਂਦੀਆਂ ਫੈਡਰਲ ਚੋਣਾਂ ਵਿਚ ਇਹ ਵੱਡਾ ਮੁੱਦਾ ਬਣੇਗਾ ਪਰ ਕੰਜ਼ਰਵੇਟਿਵ ਪਾਰਟੀ ਵੱਲੋਂ ਹੁਣ ਤੱਕ ਕੋਈ ਸਪੱਸ਼ਟ ਯੋਜਨਾ ਪੇਸ਼ ਨਹੀਂ ਕੀਤੀ ਗਈ।

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service

WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installat on
CAT Batteries 1000c Under Warranty
$550
Instala:ior Includec
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.


# ਲਿਬਨਾਨ 'ਚ ਅੱਠ ਇਜ਼ਰਾਇਲੀ ਫ਼ੌਜੀ ਹਲਾਕ

## * ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਇਜ਼ਰਾਇਲੀ ਹਮਲੇ ਦੀ ਹਮਾਇਤ ਨਹੀਂ ਕਰਾਂਗੇ: ਬਾਇਡਨ



ਯੇਰੂਸ਼ਲਮ/ਬੇਰੂਤ : ਦੱਖਣੀ ਲਿਬਨਾਨ 'ਚ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਹਵਾਈ ਅਤੇ ਜ਼ਮੀਨੀ ਹਮਲਿਆਂ ਦੌਰਾਨ ਇਜ਼ਰਾਇਲੀ ਫ਼ੌਜ ਦੇ ਅੱਠ ਫ਼ੌਜੀ ਹਲਾਕ ਹੋ ਗਏ ਹਨ। ਜ਼ਮੀਨੀ ਹਮਲੇ ਦੌਰਾਨ 7 ਹੋਰ ਇਜ਼ਰਾਇਲੀ ਫ਼ੌਜੀਆਂ ਦੇ ਜ਼ਖ਼ਮੀ ਹੋਣ ਦਾ ਵੀ ਦਾਅਵਾ ਕੀਤਾ ਜਾ ਰਿਹਾ ਹੈ। ਇਜ਼ਰਾਈਲ ਨੇ ਪਹਿਲੀ ਵਾਰ ਮੰਨਿਆ ਹੈ ਕਿ ਉਸ ਦੇ ਲਿਬਨਾਨ 'ਚ ਫ਼ੌਜੀ ਮਾਰੇ ਗਏ ਹਨ। ਇਸ ਤੋਂ ਪਹਿਲਾਂ ਇਜ਼ਰਾਇਲੀ ਫ਼ੌਜ ਨੇ ਇਕ ਬਿਆਨ 'ਚ ਕਿਹਾ ਸੀ ਕਿ ਉਸ ਦੀ ਕਮਾਂਡੋ ਬ੍ਰਿਗੇਡ ਦਾ 22 ਸਾਲਾ ਜਵਾਨ ਲਿਬਨਾਨ 'ਚ ਹਮਲੇ ਦੌਰਾਨ ਮਾਰਿਆ ਗਿਆ ਹੈ। ਫ਼ੌਜ ਨੇ ਕਿਹਾ ਕਿ ਜਵਾਨ ਦੋ ਵੱਖਰੇ ਹਮਲਿਆਂ 'ਚ ਮਾਰੇ ਗਏ ਹਨ। ਇਸ ਦੌਰਾਨ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦੇਸ਼ ਦੇ ਲੋਕਾਂ ਨੂੰ ਯਹੂਦੀ ਨਵੇਂ ਸਾਲ ਦੀ ਵਧਾਈ ਦਿੱਤੀ। ਉਧਰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਇਜ਼ਰਾਈਲ ਜੇ ਇਰਾਨ ਦੇ ਪਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਤਾਂ ਉਹ ਤਲ ਅਵੀਵ ਦੀ ਹਮਾਇਤ ਨਹੀਂ ਕਰਨਗੇ।

ਉਂਝ ਬਾਇਡਨ ਨੇ ਇਰਾਨ ਵੱਲੋਂ ਲੰਘੇ ਦਿਨ ਇਜ਼ਰਾਈਲ 'ਤੇ ਕੀਤੇ ਮਿਜ਼ਾਈਲ ਹਮਲਿਆਂ ਦੇ ਇਵਜ਼ 'ਚ ਤਹਿਰਾਨ 'ਤੇ ਵਧੇਰੇ ਪਾਬੰਦੀਆਂ ਲਾਉਣ ਦਾ ਦਾਅਵਾ ਕੀਤਾ ਹੈ। ਇਸ ਦੌਰਾਨ ਹਿਜ਼ਬੁੱਲਾ ਨੇ ਕਿਹਾ ਕਿ ਉਸ ਦੇ ਲੜਾਕਿਆਂ ਨੇ ਦੱਖਣੀ ਲਿਬਨਾਨ 'ਚ ਧਮਾਕੇ ਕੀਤੇ, ਜਿਸ ਨਾਲ ਇਜ਼ਰਾਈਲ ਦੇ ਕਈ ਫ਼ੌਜੀ ਮਾਰੇ ਗਏ ਅਤੇ ਕੁਝ ਜ਼ਖ਼ਮੀ ਹੋਏ ਹਨ। ਲਿਬਨਾਨ ਫ਼ੌਜ ਨੇ ਕਿਹਾ ਕਿ ਇਜ਼ਰਾਈਲ ਦੀ ਫ਼ੌਜ ਸਰਹੱਦ ਪਾਰ ਕੇ 400 ਮੀਟਰ ਅੰਦਰ ਤੱਕ ਆ ਗਈ ਸੀ ਪਰ ਕੁਝ ਸਮੇਂ ਬਾਅਦ ਉਹ ਪਿਛਾਂਹ ਹਟ ਗਈ। ਇਜ਼ਰਾਈਲ ਦੇ ਹਮਲਿਆਂ ਕਾਰਨ ਪੱਛਮੀ ਖ਼ਿੱਤੇ 'ਚ ਤਣਾਅ ਫੈਲ ਗਿਆ ਹੈ ਅਤੇ ਇਸ ਨਾਲ ਜੰਗ ਦਾ ਦਾਇਰਾ ਵਧ ਸਕਦਾ ਹੈ। ਇਕ ਦਿਨ ਪਹਿਲਾਂ ਇਰਾਨ ਵੱਲੋਂ ਇਜ਼ਰਾਈਲ 'ਤੇ ਕਰੀਬ 200 ਮਿਜ਼ਾਈਲਾਂ ਦਾਗ਼ੀਆਂ ਗਈਆਂ ਸਨ, ਜਿਨ੍ਹਾਂ 'ਚੋਂ ਜ਼ਿਆਦਾਤਰ ਨੂੰ ਅਮਰੀਕਾ ਅਤੇ ਬਰਤਾਨੀਆ ਦੇ ਸਹਿਯੋਗ ਨਾਲ ਇਜ਼ਰਾਈਲ ਨੇ ਹਵਾ 'ਚ ਹੀ ਫੁੰਡ ਦਿੱਤਾ ਸੀ। ਇਸ ਮੌਕੇ ਇਜ਼ਰਾਈਲ ਦੀ ਬਹੁ-ਪਰਤੀ ਹਵਾਈ ਰੱਖਿਆ ਪ੍ਰਣਾਲੀ ਸਫ਼ਲ ਰਹੀ ਅਤੇ ਮੁਲਕ 'ਚ ਬਹੁਤਾ ਨੁਕਸਾਨ ਹੋਣ ਤੋਂ ਬਚਾਅ ਰਿਹਾ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਹਿਦ ਲਿਆ ਹੈ ਕਿ ਉਹ ਇਰਾਨ ਤੋਂ ਬਦਲਾ ਜ਼ਰੂਰ ਲੈਣਗੇ ਅਤੇ ਮੁਲਕ 'ਤੇ ਹਮਲਾ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਜ਼ਰਾਈਲ ਨੇ ਦੱਖਣੀ ਲਿਬਨਾਨ 'ਚ ਹਮਲੇ ਤੇਜ਼ ਕਰਦਿਆਂ ਸਰਹੱਦ ਨੇੜਲੇ 50 ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੇ ਹੁਕਮ ਦਿੱਤੇ ਹਨ। ਲਿਬਨਾਨ 'ਚੋਂ ਇਕ ਲੱਖ ਤੋਂ ਜ਼ਿਆਦਾ ਲੋਕ ਗੁਆਂਢੀ ਮੁਲਕ ਸੀਰੀਆ ਚਲੇ ਗਏ ਹਨ। ਹੁਣ ਤੱਕ ਕਰੀਬ ਦੋ ਲੱਖ ਲੋਕ ਦੱਖਣੀ ਲਿਬਨਾਨ 'ਚ ਆਪਣਾ ਘਰ-ਬਾਰ ਛੱਡ ਚੁੱਕੇ ਹਨ। ਡੈਨਮਾਰਕ ਦੀ ਰਾਜਧਾਨੀ ਕੋਪੇਨਹੈਗਨ 'ਚ ਅੱਜ ਤੜਕੇ ਇਜ਼ਰਾਇਲੀ ਸਫ਼ਾਰਤਖਾਨੇ ਤੋਂ ਕਰੀਬ 100 ਮੀਟਰ ਦੂਰ ਗ੍ਰਨੇਡ ਰਾਹੀਂ ਧਮਾਕੇ ਕੀਤੇ ਗਏ ਸਨ।

# ਕੈਨੇਡਾ: ਸਤੰਬਰ ਮਹੀਨੇ 'ਚ ਇੰਨੇ ਪੰਜਾਬੀਆਂ ਨੇ ਗੁਆਏ ਆਪਣੇ ਧੀ-ਪੁੱਤ!



ਕੈਨੇਡਾ: ਪੂਰੇ ਕੈਨੇਡਾ 'ਚ 2024 ਦੇ ਸਤੰਬਰ ਮਹੀਨੇ 'ਚ 11 ਦੇ ਕਰੀਬ ਪੰਜਾਬੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ। ਇਸ ਤਰ੍ਹਾਂ ਦੇ ਹੋਰ ਵੀ ਕਈ ਮਾਮਲੇ ਹੋਣਗੇ ਪਰ ਸਾਰੇ ਮਾਮਲੇ ਉਜਾਗਰ ਨਹੀਂ ਹੁੰਦੇ। ਕਾਫੀ ਨੌਜਵਾਨ ਲਾਪਤਾ ਹੋ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੀ ਮੌਤ ਦੀ ਖਬਰ ਸੁਣਨ ਨੂੰ ਮਿਲਦੀ ਹੈ। ਕਈਆਂ ਨੂੰ ਹਾਰਟ ਅਟੈਕ ਆ ਜਾਂਦਾ ਹੈ ਤੇ ਕਈ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਵਿਸ਼ਾਲ ਬਜਾਜ: ਹਾਲ ਹੀ ਦੇ 'ਚ ਫਰੀਦਕੋਟ ਤੋਂ 7 ਸਾਲ ਪਹਿਲਾਂ ਕੈਨੇਡਾ 'ਚ ਵੈਨਕੂਵਰ ਗਏ 27 ਸਾਲਾ ਵਿਸ਼ਾਲ ਬਜਾਜ ਦੀ ਮੌਤ ਦੀ ਖਬਰ ਸਾਹਮਣੇ ਆਈ ਸੀ। ਪਹਿਲਾਂ ਉਹ ਲਾਪਤਾ ਹੋਇਆ, ਫਿਰ ਉਸ ਦੀ ਮ੍ਰਿਤਕ ਦੇਹ ਡੈਲਟਾ ਤੋਂ ਬਰਾਮਦ ਹੋਈ। ਵਿਸ਼ਾਲ ਹੁਣ ਕੈਨੇਡਾ ਦਾ ਸਿਟੀਜ਼ਨ ਹੋ ਚੁੱਕਾ ਸੀ। ਇਹ ਮੰਨਿਆ ਜਾ ਰਿਹਾ ਹੈ ਕਿ ਵਿਸ਼ਾਲ ਨੇ ਅਲੈਕਸ ਫਰੇਜ਼ਰ ਬ੍ਰਿਜ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕੀਤੀ ਹੈ।

ਗੁਰਮਹਿਕ ਪ੍ਰੀਤ ਸਿੰਘ: ਦੂਸਰਾ ਮਾਮਲਾ 21 ਸਾਲਾ ਗੁਰਮਹਿਕ ਪ੍ਰੀਤ ਸਿੰਘ ਦੀ ਓਨਟਾਰੀਓ 'ਚ ਸੜਕ ਹਾਦਸੇ ਵਿਚ ਮੌਤ ਹੋਣ ਦਾ ਹੈ। ਸੁਨਹਿਰੀ ਭਵਿੱਖ ਦੇ ਸੁਫ਼ਨੇ ਲੈ ਕੇ ਮਲੇਰਕੋਟਲਾ ਦੇ ਪਿੰਡ ਖ਼ੁਰਦ ਤੋਂ ਕੈਨੇਡਾ ਗਿਆ ਗੁਰਮਹਿਕ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਗੁਰਮਹਿਕ ਪ੍ਰੀਤ ਸਿੰਘ 2 ਸਾਲ ਪਹਿਲਾਂ ਸਟੱਡੀ ਵੀਜ਼ਾ 'ਤੇ ਕੈਨੇਡਾ ਗਿਆ ਸੀ ਤੇ ਕੁੱਝ ਸਮਾਂ ਪਹਿਲਾਂ ਹੀ ਉਹ ਵਰਕ ਪਰਮਿਟ 'ਤੇ ਆਇਆ ਸੀ। ਇਸ ਤੋਂ ਪਹਿਲਾਂ ਵੀ ਮਲੇਰਕੋਟਲਾ ਦੇ ਹੀ ਕਈ ਨੌਜਵਾਨਾਂ ਦੀ ਸਤੰਬਰ 'ਚ ਹੀ ਮੌਤ ਹੋ ਚੁੱਕੀ ਹੈ।

ਗੁਰਜਿੰਦਰ ਸਿੰਘ ਸੰਧੂ: ਅਗਲਾ ਮਾਮਲਾ ਵਿੰਨੀਪੈਗ ਦਾ ਹੈ ਜਿੱਥੇ 7 ਮਹੀਨੇ ਪਹਿਲਾਂ ਕੈਨੇਡਾ ਆਏ ਪੰਜਾਬੀ ਨੌਜਵਾਨ ਗੁਰਜਿੰਦਰ ਸਿੰਘ ਸੰਧੂ ਦੀ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਗੁਰਜਿੰਦਰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਿਤ ਸੀ ਅਤੇ ਹੁਣ ਉਹ ਆਪਣੇ ਪਿੱਛੇ ਗਰਭਵਤੀ ਪਤਨੀ ਅਤੇ ਦੋ ਧੀਆਂ ਨੂੰ ਛੱਡ ਗਿਆ ਹੈ।

ਗੁਰਵਿੰਦਰ ਸਿੰਘ: 2 ਸਾਲ ਪਹਿਲਾਂ ਕੈਨੇਡਾ ਆਈ ਪਤਨੀ ਨੇ ਆਪਣੇ ਪਤੀ ਨੂੰ ਇੰਨੇ ਚਾਵਾਂ ਨਾਲ ਕੈਨੇਡਾ ਬੁਲਾਇਆ ਪਰ ਉਸ ਨੂੰ ਨਹੀਂ ਪਤਾ ਸੀ ਕਿ ਉਸ ਦੇ ਪਤੀ ਦੇ ਕੈਨੇਡਾ 'ਚ ਆਉਣ ਤੋਂ ਬਾਅਦ ਉਸ ਨਾਲ ਮੰਦਭਾਗਾ ਭਾਣਾ ਵਾਪਰ ਜਾਵੇਗਾ। 28 ਸਾਲਾ ਨੌਜਵਾਨ ਗੁਰਵਿੰਦਰ ਸਿੰਘ 9 ਮਹੀਨੇ ਪਹਿਲਾਂ ਆਪਣੀ ਪਤਨੀ ਦੇ ਬੁਲਾਉਣ 'ਤੇ ਕੈਨੇਡਾ ਆਇਆ ਸੀ ਪਰ ਕੰਮ ਦੌਰਾਨ ਉਸ ਨੂੰ ਦਿਲ ਦਾ ਦੌਰਾ ਪਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ। ਗੁਰਵਿੰਦਰ ਵੀ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਦੇਪ੍ਰਤਾਪ ਸਿੰਘ: ਇੱਕ ਹੋਰ ਮਾਮਲਾ 24 ਸਤੰਬਰ ਦਾ ਹੈ ਜਿਸ 'ਚ ਜੰਮੂ ਨਾਲ ਸਬੰਧਿਤ 26 ਸਾਲਾ ਉਦੇਪ੍ਰਤਾਪ ਸਿੰਘ ਦੀ ਅਲਬਰਟਾ 'ਚ ਸੜਕ ਹਾਦਸੇ 'ਚ ਮੌਤ ਹੋ ਗਈ ਸੀ। ਸੜਕ ਹਾਦਸਿਆਂ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਨੂੰ ਆਪਣੀ ਜਾਨ ਗੁਆਉਣੀ ਪੈਂਦੀ ਹੈ। ਉਦੇ ਦੀ ਮ੍ਰਿਤਕ ਦੇਹ ਨੂੰ ਭਾਰਤ ਪਹੁੰਚਾਉਣ ਲਈ ਗੋ-ਫੰਡ ਮੀ 'ਤੇ ਪੈਸਿਆਂ ਦੀ ਮਦਦ ਦੀ ਮੰਗ ਕੀਤੀ ਗਈ ਸੀ।

# ਅਮਰੀਕਾ 'ਚ ਆਏ ਜ਼ਬਰਦਸਤ ਤੂਫਾਨ ਕਾਰਨ 39 ਮੌਤਾਂ



ਸੈਕਰਾਮੈਂਟੋ : ਅਮਰੀਕਾ ਦੇ ਕਈ ਰਾਜਾਂ ਵਿਚ ਆਏ ਜ਼ਬਰਦਸਤ ਤੂਫਾਨ ਕਾਰਨ 39 ਲੋਕਾਂ ਦੇ ਮਾਰੇ ਜਾਣ ਤੇ ਅਨੇਕਾਂ ਮਕਾਨਾਂ ਤੇ ਹੋਰ ਇਮਾਰਤਾਂ ਨੂੰ ਵੱਡੀ ਪੱਧਰ ਉਪਰ ਨੁਕਸਾਨ ਪੁੱਜਣ ਦੀਆਂ ਰਿਪੋਰਟਾਂ ਹਨ। ਕਈ ਜਗ੍ਹਾ ਹੜ੍ਹ ਵਰਗੇ ਹਾਲਾਤ ਹਨ। ਹੈਲਨ ਤੂਫਾਨ ਨੇ ਸਮੁੱਚੇ ਦੱਖਣ ਪੂਰਬੀ ਰਾਜਾਂ ਨੂੰ ਆਪਣੀ ਲਪੇਟ 'ਚ ਲਿਆ ਤੇ ਜਿਥੋਂ-ਜਿਥੋਂ ਵੀ 140 ਮੀਲ ਦੀ ਰਫਤਾਰ ਨਾਲ ਹਵਾਵਾਂ ਲੰਘੀਆਂ ਉਥੇ-ਉਥੇ ਭਾਰੀ ਤਬਾਹੀ ਹੋਈ ਹੈ। ਤੂਫਾਨ ਦੀ ਸ਼ੁਰੂਆਤ ਪੈਰੀ, ਫਲੋਰਿਡਾ ਨੇੜੇ ਸ਼ੁੱਕਰਵਾਰ ਨੂੰ 11.10 ਵਜੇ ਰਾਤ ਨੂੰ ਹੋਈ। ਤੂਫਾਨ ਕਾਰਨ ਸਮੁੰਦਰ 'ਚ ਖੜ੍ਹੀਆਂ ਕਿਸ਼ਤੀਆਂ ਉਲਟ ਗਈਆਂ, ਘਰ ਤਬਾਹ ਹੋ ਗਏ ਤੇ ਨੀਵੇਂ ਇਲਾਕਿਆਂ ਵਿਚ ਕਈ-ਕਈ ਫੁੱਟ ਪਾਣੀ ਭਰ ਗਿਆ, ਜਿਸ ਕਾਰਨ ਲੋਕਾਂ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ। ਤੱਟੀ ਕਸਬੇ ਸਟੀਨਹੈਚੀ ਵਿਚ 9.63 ਫੁੱਟ ਉੱਚੀਆਂ ਉੱਠੀਆਂ ਪਾਣੀ ਦੀਆਂ ਲਹਿਰਾਂ ਨੇ ਕਸਬਾ ਵਾਸੀਆਂ ਦੀ ਜਾਨ ਖਤਰੇ 'ਚ ਪਾ ਦਿੱਤੀ ਤੇ ਉਥੇ ਭਾਰੀ ਨੁਕਸਾਨ ਹੋਇਆ। ਜਗ੍ਹਾ-ਜਗ੍ਹਾ ਦਰੱਖਤ ਡਿੱਗੇ ਹੋਏ ਹਨ ਤੇ ਮਲਬਾ ਖਿਲਰਿਆ ਪਿਆ ਹੈ। ਕਈ ਘੰਟਿਆਂ ਤੱਕ ਤੂਫਾਨ ਦੀ ਰਫਤਾਰ ਬਹੁਤ ਮਜ਼ਬੂਤ ਰਹੀ ਤੇ ਇਸ ਨੇ ਉੱਤਰੀ ਫਲੋਰਿਡਾ, ਜਾਰਜੀਆ ਕੈਂਟੁਕੀ ਵਿਚ ਤਬਾਹੀ ਮਚਾਈ। ਕੈਰੋਲੀਨਾਸ ਤੇ ਐਟਲਾਂਟਾ ਖੇਤਰ 'ਚ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਉੱਚੀਆਂ ਥਾਵਾਂ 'ਤੇ ਪਨਾਹ ਲੈਣ। ਇਸ ਖੇਤਰ 'ਚ 10 ਇੰਚ ਤੱਕ ਬਾਰਿਸ਼ ਹੋਈ ਹੈ। ਫਲੋਰਿਡਾ ਤੋਂ ਲੈ ਕੇ ਵਿਰਜੀਨੀਆ ਤੱਕ ਬਿਜਲੀ ਠੱਪ ਹੋ ਗਈ ਹੈ ਤੇ ਲੱਖਾਂ ਲੋਕ ਬਿਜਲੀ ਬਿਨਾਂ ਰਹਿਣ ਲਈ ਮਜਬੂਰ ਹਨ। ਇਕ ਅੰਦਾਜ਼ੇ ਅਨੁਸਾਰ 45 ਲੱਖ ਤੋਂ ਵਧ ਲੋਕਾਂ ਨੂੰ ਬਿਜਲੀ ਨਹੀਂ ਮਿਲ ਰਹੀ। ਬਿਜਲੀ ਸੇਵਾ ਬਹਾਲ ਕਰਨ ਲਈ ਕਈ ਦਿਨ ਲੱਗ ਸਕਦੇ ਹਨ।












# ਪੱਤਰਕਾਰ ਤੇ ਕਵੀ ਸ਼ਾਮ ਸਿੰਘ 'ਅੰਗਸੰਗ' ਦੇ ਸੰਗ ਹੋਈ ਦਿਲਚਸਪ 'ਮਿੱਤਰ-ਮਿਲਣੀ'



ਬਰੈਂਪਟਨ, (ਡਾ. ਝੰਡ) - ਸ਼ਾਮ ਸਿੰਘ 'ਅੰਗਸੰਗ' ਇਹਨੀਂ ਦਿਨੀਂ ਬਰੈਂਪਟਨ ਵਿਚ ਹਨ। ਉਹ ਪਿਛਲੇ ਕੁਝ ਮਹੀਨਿਆਂ ਤੋਂ ਇੱਥੇ ਆਪਣੀ ਬੇਟੀ ਕੋਲ ਆਏ ਹਨ। ਕੁਝ ਹਫ਼ਤੇ ਉਹ ਅਲਬਰਟਾ ਸੂਬੇ ਦੇ ਸ਼ਹਿਰ ਐਡਮੰਟਨ ਵੀ ਲਗਾ ਆਏ ਹਨ ਅਤੇ ਤਿੰਨ ਕੁ ਦਿਨਾਂ ਦਾ ਟੂਰ ਮਾਂਟਰੀਅਲ ਦਾ ਵੀ ਕੱਢ ਆਏ ਹਨ। ਟੋਰਾਂਟੋ ਮਹਾਂਨਗਰ ਦਾ 'ਸੀ.ਐੱਨ. ਟਾਵਰ' ਤੇ ਇਸ ਦੇ ਨੇੜਲਾ 'ਸੈਂਟਰ ਆਈਲੈਂਡ' ਤਾਂ ਇੱਥੇ ਆਏ ਹਰੇਕ ਯਾਤਰੀ ਨੇ ਵੇਖਣ ਜਾਣਾ ਹੀ ਹੁੰਦਾ ਹੈ ਅਤੇ 'ਨਿਆਗਰਾ ਫ਼ਾਲਜ਼' ਵੀ ਹਾਜ਼ਰੀ ਪਾਉਣੀ ਹੁੰਦੀ ਹੈ ਜਿਸ ਨੂੰ ਕਈ ਮਖ਼ੌਲ ਨਾਲ 'ਕੈਨੇਡਾ ਦੇ ਜਠੇਰਿਆਂ ਦਾ ਸਥਾਨ' ਵੀ ਆਖ ਦਿੰਦੇ ਹਨ। ਇਨ੍ਹਾਂ ਤੋਂ ਇਲਾਵਾ ਉਹ ਬਰੈਂਪਟਨ ਦੇ ਆਸ-ਪਾਸ ਦੇ ਕਈ ਹੋਰ ਛੋਟੇ- ਵੱਡੇ ਸ਼ਹਿਰਾਂ ਦੀ ਵੀ ਗੇੜੀ ਲਾ ਆਏ ਹਨ।

ਬਰੈਂਪਟਨ ਵਿਚ ਵਿਚਰਦਿਆਂ ਜਿੱਥੇ ਉਹ ਵੱਖ-ਵੱਖ ਸਾਹਿਤ ਸਭਾਵਾਂ ਦੀਆਂ ਕਈ ਇਕੱਤਰਤਾਵਾਂ ਵਿਚ ਜਾ ਕੇ ਸਾਹਿਤਕ ਮਹਿਫ਼ਲਾਂ ਦਾ ਸ਼ਿੰਗਾਰ ਬਣਦੇ ਰਹੇ ਹਨ, ਉੱਥੇ ਉਹ ਕਈ ਨਿੱਜੀ ਤੇ ਗ਼ੈਰ-ਸਾਹਿਤਕ ਮਹਿਫ਼ਲਾਂ ਵਿਚ ਵੀ ਭਰਪੂਰ ਹਾਜ਼ਰੀ ਭਰਦੇ ਹਨ। ਪਿਛਲੇ ਦਿਨੀਂ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਹਰਮੇਸ਼ ਜੀਂਦੋਵਾਲ ਜੋ ਬੜੀ ਮਿੱਠੀ ਤੇ ਸੁਰੀਲੀ ਆਵਾਜ਼ ਵਿਚ ਪੰਜਾਬੀ ਗੀਤ ਤੇ ਗ਼ਜ਼ਲਾਂ ਗਾਉਂਦਾ ਹੈ, ਨੇ ਉਨ੍ਹਾਂ ਦੇ ਸਨਮਾਨ ਵਿਚ ਆਪਣੇ ਘਰ ਇੱਕ ਛੋਟੀ ਜਿਹੀ ਨਿੱਜੀ 'ਮਿੱਤਰ-ਮਿਲਣੀ' ਦਾ ਪ੍ਰਬੰਧ ਕੀਤਾ ਜਿਸ ਵਿਚ ਸ਼ਾਮ ਸਿੰਘ ਹੁਰਾਂ ਦੇ ਦਰਜਨ ਦੇ ਕਰੀਬ ਮਿੱਤਰ ਸ਼ਾਮਲ ਹੋਏ।

ਸ਼ਾਮੀ ਛੇ ਕੁ ਵਜੇ ਘਰ ਦੀ ਬੜੇ ਸਲੀਕੇ ਨਾਲ ਸਜੀ ਹੋਈ 'ਗੈਰਾਜ' ਵਿਚ ਸ਼ੁਰੂ ਹੋਈ ਇਸ ਛੋਟੀ ਜਿਹੀ 'ਮਿੱਤਰ- ਮਿਲਣੀ' ਦਾ ਸ਼ੁਭ-ਆਰੰਭ ਚਾਹ-ਪਾਣੀ ਛਕਦਿਆਂ ਬਲਰਾਜ ਚੀਮਾ ਜੀ ਦੀ ਲੰਮੀ ਤੇ ਤੰਦਰੁਸਤ ਉਮਰ ਦੇ ਜ਼ਿਕਰ ਨਾਲ ਹੋਇਆ। 92 ਸਾਲ ਦੀ ਉਮਰ ਵਿਚ ਉਨ੍ਹਾਂ ਦੇ ਜ਼ਿਹਨੀ ਸੰਤੁਲਨ ਦੀ ਖ਼ੂਬ ਤਾਰੀਫ਼ ਕਰਦਿਆਂ ਸਾਰਿਆਂ ਨੇ ਉਨ੍ਹਾਂ ਦੀ ਲੰਮੀ ਤੇ ਤੰਦਰੁਸਤ ਉਮਰ ਦੀ ਕਾਮਨਾ ਕੀਤੀ। ਇਸ ਦੇ ਨਾਲ ਹੀ ਜਸਵੰਤ ਸਿੰਘ ਕੰਵਲ ਦੀ 'ਕੋਤਰੀ' ਅਤੇ ਖੁਸ਼ਵੰਤ ਸਿੰਘ ਦੇ 'ਕੋਤਰੀ' ਤੋਂ ਥੋੜ੍ਹਾ ਜਿਹਾ ਹੀ ਉਰੇ ਰਹਿਣ ਦੀ ਵੀ ਚਰਚਾ ਚੱਲ ਪਈ। ਹੁਣ ਲੇਖਕਾਂ ਦਾ ਜੇਕਰ ਜ਼ਿਕਰ ਹੋਵੇ ਤੇ ਫਿਰ ਉਨ੍ਹਾਂ ਦੀ 'ਲੇਖਣੀ' ਦੀ ਗੱਲ ਨਾ ਹੋਵੇ, ਇਹ ਕਿਵੇਂ ਹੋ ਸਕਦਾ ਹੈ? ਜਿੱਥੇ ਕੰਵਲ ਦੇ ਨਾਵਲਾਂ ਅਤੇ ਉਸ ਦੇ ਪੰਜਾਬੀ ਨੌਜੁਆਨਾਂ ਨੂੰ ਹਲੂਣਾ ਦੇਣ ਵਾਲੀ ਵਾਰਤਕ ਦਾ ਜ਼ਿਕਰ ਛਿੜਿਆ, ਉੱਥੇ ਖੁਸ਼ਵੰਤ ਸਿੰਘ ਦੇ ਭਾਰਤ-ਪਾਕਿਸਤਾਨ ਦੀ 'ਵੰਡ' ਬਾਰੇ ਲਿਖੇ ਗਏ ਨਾਵਲ 'ਟਰੇਨ ਟੂ ਪਾਕਿਸਤਾਨ' ਦੀ ਗੰਭੀਰਤਾ ਤੇ ਨਾਵਲ 'ਦਿੱਲੀ' ਦੀ ਚਟਪਟੀ ਲਿਖ਼ਤ, 'ਇਲੱਸਟ੍ਰੇਟਿਡ ਵੀਕਲੀ' ਦੀ ਦਿਲਚਸਪ ਸੰਪਾਦਕੀ ਅਤੇ ਦੋ ਭਾਗਾਂ ਵਿਚ ਲਿਖੇ ਗਏ ਸਿੱਖਾਂ ਦੇ ਇਤਿਹਾਸ 'ਏ ਹਿਸਟਰੀ ਆਫ਼ ਸਿੱਖਸ' ਦੀ ਵੀ ਖ਼ੂਬ ਚਰਚਾ ਹੋਈ। ਗੱਲ-ਬਾਤ ਦੀ ਚੱਲ ਰਹੀ ਲੜੀ ਦੌਰਾਨ ਕਈਆਂ ਵੱਲੋਂ ਹੌਲੀ-ਹੌਲੀ ਕੀਤੇ ਜਾ ਰਹੇ 'ਖ਼ਾਰੇ ਪਾਣੀ' ਦੇ ਸੇਵਨ ਨੇ ਇਸ ਨੂੰ ਹੋਰ ਵੀ ਦਿਲਚਸਪ ਬਣਾ ਦਿੱਤਾ। ਸ਼ਾਇਰਾਂ ਨੂੰ ਆਪਣੀ ਸ਼ਾਇਰੀ ਅਤੇ ਕਈ ਦੂਸਰੇ ਕਵੀਆਂ ਦੇ ਸ਼ਿਅਰ ਉੱਤਰਨੇ ਸ਼ੁਰੂ ਹੋ ਗਏ। ਸ਼ਾਮ ਸਿੰਘ ਹੋਰਾਂ ਨੇ 'ਪੰਜਾਬੀ ਟ੍ਰਿਬਿਊਨ' ਵਿਚਲੇ 32 ਸਾਲ ਦੇ ਆਪਣੇ ਲੰਮੇਂ ਸਫ਼ਰ ਦੀਆਂ ਕਈ ਦਿਲਚਸਪ ਘਟਨਾਵਾਂ ਆਪਣੇ ਵੱਖਰੇ ਅੰਦਾਜ਼ ਵਿਚ ਬਾਖ਼ੂਬੀ ਵਰਨਣ ਕੀਤੀਆਂ। ਅਖ਼ਬਾਰ ਦੇ ਬਾਨੀ ਮੁੱਖ- ਸੰਪਾਦਕ ਬਰਜਿੰਦਰ ਸਿੰਘ ਹਮਦਰਦ ਵੱਲੋਂ ਉਨ੍ਹਾਂ ਨੂੰ ਇਸ ਅਖ਼ਬਾਰ ਵਿਚ ਆਉਣ ਦੇ ਸੱਦੇ ਤੋਂ ਲੈ ਕੇ ਉਨਾਂ ਗੁਲਜ਼ਾਰ ਸਿੰਘ ਸੰਧੂ, ਹਰਭਜਨ ਹਲਵਾਰਵੀ, ਸਿੱਧੂ ਦਮਦਮੀ, ਸ਼ਿੰਗਾਰਾ ਸਿੰਘ ਭੁੱਲਰ ਤੇ ਡਾ. ਸਵਰਾਜਬੀਰ ਤੱਕ ਅਖ਼ਬਾਰ ਦੇ ਲੱਗਭੱਗ ਸਾਰੇ ਹੀ ਮੁੱਖ-ਸੰਪਾਦਕਾਂ ਨਾਲ ਆਪਣੀ ਪੁਰਾਣੀ ਤੇ ਨਵੀਂ ਸਾਂਝ ਬਾਰੇ ਕਈ ਦਿਲਚਸਪ ਟਿੱਪਣੀਆਂ ਕੀਤੀਆਂ ਅਤੇ ਇਸ ਦੌਰਾਨ ਕਈ ਕਾਵਿ-ਟੋਟਕੇ ਵੀ ਸੁਣਾਏ। ਉਨ੍ਹਾਂ ਨੂੰ ਸਾਹ ਦਿਵਾਉਣ ਲਈ ਵਿਚ-ਵਿਚਾਲੇ ਗੁਰਦੇਵ ਚੌਹਾਨ, ਕਰਨ ਅਜਾਇਬ ਸਿੰਘ ਸੰਘਾ, ਜਗੀਰ ਸਿੰਘ ਕਾਹਲੋਂ, ਮਲਵਿੰਦਰ ਤੇ ਸੁਖਦੇਵ ਸਿੰਘ ਝੰਡ ਵੱਲੋਂ ਆਪਣੀਆਂ ਕਵਿਤਾਵਾਂ ਦੇ ਨਾਲ ਚੱਲ ਰਹੀ ਇਸ ਕਾਵਿ-ਲੜੀ ਨੂੰ ਬਾ-ਕਾਇਦਾ ਜਾਰੀ ਰੱਖਿਆ ਗਿਆ। ਮਲਵਿੰਦਰ ਜੋ ਆਮ ਤੌਰ 'ਤੇ ਖੁੱਲ੍ਹੀ ਕਵਿਤਾ ਹੀ ਲਿਖਦਾ ਹੈ, ਨੇ ਉਸ ਰਾਤ ਸੁਰਜੀਤ ਪਾਤਰ ਦੀ ਸਦਾ-ਬਹਾਰ ਗ਼ਜ਼ਲ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ' ਪੂਰੀ ਤਰੰਨਮ 'ਚ ਗਾਈ। ਉਸ ਨੂੰ ਵੇਖ ਕੇ ਸੁਖਦੇਵ ਸਿੰਘ ਝੰਡ ਵੱਲੋਂ ਵੀ ਆਪਣੀ ਗ਼ਜ਼ਲ ਤਰੰਨਮ 'ਚ ਪੇਸ਼ ਕੀਤੀ ਗਈ। ਹਰਮੇਸ਼ ਜੀਂਦੋਵਾਲ ਨੇ ਆਪਣੀ ਸੁਰੀਲੀ ਆਵਾਜ਼ ਵਿਚ ਤਿੰਨ-ਚਾਰ ਖ਼ੂਬਸੂਰਤ ਗ਼ਜ਼ਲਾਂ ਸੁਣਾਈਆਂ। ਹਰਮੇਸ਼ ਦੇ ਨੇੜਲੇ ਦੋਸਤ ਜਸਵਿੰਦਰ ਸਿੰਘ ਤੇ ਉਨ੍ਹਾਂ ਦੇ ਇੱਕ ਗਵਾਂਢੀ ਸੱਜਣ ਨੇ ਵੀ ਇਸ ਮਹਿਫ਼ਲ ਵਿਚ ਕਈ ਸ਼ਿਅਰਾਂ ਨਾਲ ਆਪਣਾ ਯੋਗਦਾਨ ਪਾਇਆ। ਦੋ ਕਵੀਜਨ ਤਲਵਿੰਦਰ ਮੰਡ ਤੇ ਮਲੂਕ ਸਿੰਘ ਕਾਹਲੋਂ ਇਸ 'ਕਾਵਿ- ਮਹਿਫ਼ਲ' ਦੇ ਸ਼ੁਰੂ ਹੋਣ ਤੋਂ ਕੁਝ ਪਹਿਲਾਂ ਹੀ ਚਲੇ ਗਏ, ਹਾਲਾਂ ਕਿ ਗੱਲਬਾਤ ਦੇ ਸ਼ੁਰੂਆਤੀ ਦੌਰ ਵਿਚ ਉਨ੍ਹਾਂ ਵੱਲੋਂ ਬਾਖ਼ੂਬੀ ਹਿੱਸਾ ਪਾਇਆ ਗਿਆ। ਬਲਰਾਜ ਚੀਮਾ ਹੋਰਾਂ ਵੱਲੋਂ ਇਸ ਦੌਰਾਨ ਆਪਣੇ ਜੀਵਨ ਦੇ ਕਈ ਦਿਲਚਸਪ ਪਹਿਲੂ ਦਰਸਾਏ ਗਏ। ਘਰ ਦੇ ਬਣੇ ਹੋਏ ਸੁਆਦਲੇ ਖਾਣੇ ਦਾ ਅਨੰਦ ਲੈਣ ਤੋਂ ਬਾਅਦ ਰਾਤ ਦੇ ਦਸ ਵਜੇ ਦੇ ਕਰੀਬ ਦੋਸਤਾਂ-ਮਿੱਤਰਾਂ ਦੀ ਇਹ 'ਮਹਿਫ਼ਲ' ਬਰਖ਼ਾਸਤ ਹੋਈ ਜੋ ਸਾਰਿਆਂ ਲਈ ਇਕ ਯਾਦਗਾਰ 'ਮਿੱਤਰ-ਮਿਲਣੀ' ਬਣ ਗਈ।

# ਕੈਨੇਡੀਅਨ ਸੀਨੀਅਰ ਪੰਜਾਬੀ ਐਸੋਸ਼ੀਏਸ਼ਨ ਦੀ ਐਮ.ਸੀ Mr. Matt farncis ਨਾਲ ਵੱਖ-ਵੱਖ ਮਸਲਿਆਂ ਬਾਰੇ ਮੀਟਿੰਗ ਹੋਈ



ਬੀਤੇ ਦਿਨੀਂ ਕੈਨੇਡੀਅਨ ਸੀਨੀਅਰ ਪੰਜਾਬੀ ਐਸੋਸ਼ੀਏਸ਼ਨ ਦੀ ਮੀਟਿੰਗ ਸਟੋਨੀ ਕਰੀਕ (ਹਾਮਿਲਟਨ) ਦੇ ਐਮ ਸੀ Mr. Matt farncis ਨਾਲ ਸੀਨੀਅਰਜ਼ ਦੇ ਮੰਗਾ ਮਸਲਿਆਂ ਦੇ ਸਬੰਧ ਵਿੱਚ ਹੋਈ। ਲਗਭਗ 2 ਘੰਟੇ ਚਲੀ ਇਸ ਮੀਟਿੰਗ ਵਿਚ ਵੱਖ-ਵੱਖ ਮਸਲਿਆਂ ਬਾਰੇ ਡੂੰਘਾਈ ਨਾਲ ਵਿਚਾਰ ਚਰਚਾ ਹੋਈ। Mr. Matt ਨੇ ਹਮਦਰਦੀ ਨਾਲ ਸਾਰੇ ਮਸਲੇ ਸੁਣੇ। ਕੁਝ ਕੁ ਮਸਲੇ ਜੋ ਉਸ ਦੀ ਪਹੁੰਚ ਵਾਲੇ ਸਨ, ਛੇਤੀ ਹੀ ਹੱਲ ਕਰਨ ਦਾ ਵਿਸ਼ਵਾਸ਼ ਦਵਾਇਆ ਅਤੇ ਬਾਕੀ ਜੋ ਸਮੂਹਿਕ ਮਸਲੇ ਸੀ ਉਹਨਾਂ ਨੂੰ ਸਿਟੀ ਦੀ ਹੋਣ ਵਾਲੀ ਮੀਟਿੰਗ ਵਿੱਚ ਪੁਰਜ਼ੋਰ ਤਰੀਕੇ ਨਾਲ ਉਠਾਕੇ ਹੱਲ ਕਰਵਾਉਣ ਦਾ ਵਿਸ਼ਵਾਸ਼ ਵੀ ਦੁਆਇਆ। ਮਿਟਿੰਗ ਵਿੱਚ ਸ.ਗੁਰਚਰਨ ਸਿੰਘ ਮੰਡੇਰ ਪ੍ਰਧਾਨ, ਸ.ਕਰਨੈਲ ਸਿੰਘ ਰੱਕੜ ਜਨਰਲ ਸਕੱਤਰ, ਸ. ਸੀਤਲ ਸਿੰਘ ਜੀ ਬੈਂਸ ਮੈਂਬਰ, ਸ. ਸੇਖੋਂ ਮੈਂਬਰ, ਸ. ਜੋਗਿੰਦਰ ਸਿੰਘ ਮੁਲਤਾਨੀ, ਸ. ਨਰਿੰਦਰ ਸਿੰਘ ਵਾਸੀ, ਸਿਰੀ ਦਿਨੇਸ਼, ਸ.ਗੁਰਦਿਆਲ ਸਿੰਘ, ਸ ਗਿਆਨ ਸਿੰਘ ਡਬੂ ਅਤੇ ਸ.ਮਹਿੰਦਰ ਪਾਲ, ਸ.ਰਸ਼ਪਾਲ ਸਿੰਘ ਅਤੇ ਪਾਲ ਨਿੱਝਰ ਤੋਂ ਇਲਾਵਾ ਕਾਫੀ ਸੀਨੀਅਰਜ਼ ਨੇ ਸ਼ਮੂਲੀਅਤ ਕੀਤੀ। ਅੰਤ ਵਿੱਚ ਇਕ ਯਾਦਗਾਰੀ ਫੋਟੋ ਵੀ ਖਿੱਚੀ।






# ਟੀ.ਪੀ.ਏ.ਆਰ. ਕਲੱਬ ਦੇ 49 ਮੈਂਬਰਾਂ ਨੇ 'ਬਿੰਬੋ ਗਲੋਬਲ ਰੇਸ' ਵਿੱਚ ਲਿਆ ਹਿੱਸਾ

## ਕਲੱਬ ਦੇ 33 ਮੈਂਬਰ 10 ਕਿਲੋਮੀਟਰ ਤੇ 16 ਮੈਂਬਰ 5 ਕਿਲੋਮੀਟਰ ਦੌੜੇ






ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 29 ਸਤੰਬਰ ਨੂੰ ਟੋਰਾਂਟੋ ਲੇਕਸ਼ੋਰ ਦੇ ਕਿਨਾਰੇ ਕੀਤੇ ਗਏ ਦੌੜ ਦੇ ਈਵੈਂਟ 'ਬਿੰਬੋ ਗਲੋਬਲ ਰੇਸ' ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ) ਦੇ 49 ਮੈਂਬਰਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ 10 ਕਿਲੋਮੀਟਰ ਅਤੇ ਪੰਜ ਕਿਲੋਮੀਟਰ ਦੌੜਾਂ ਵਿਚ ਭਾਗ ਲਿਆ। ਕਲੱਬ ਦੇ 33 ਮੈਂਬਰਾਂ ਨੇ 10 ਕਿਲੋਮੀਟਰ ਅਤੇ 16 ਮੈਂਬਰਾਂ ਨੇ 5 ਕਿਲੋਮੀਟਰ 'ਰੱਨ-ਕਮ-ਵਾਕ' ਵਿਚ ਹਿੱਸਾ ਲਿਆ। ਉਹ ਸਵੇਰੇ 6.30 ਵਜੇ ਸਕੂਲ ਬੱਸ ਵਿਚ ਸਵਾਰ ਹੋ ਕੇ 7.30 ਵਜੇ ਦੇ ਕਰੀਬ ਦੌੜਾਂ ਆਰੰਭ ਹੋਣ ਵਾਲੀ ਜਗ੍ਹਾ ਲੇਕਸ਼ੋਰ ਦੇ ਐਸ਼ਬਰਿੱਜ ਪਾਰਕ ਵਿਚ ਪਹੁੰਚੇ। ਸਵੇਰੇ 8.00 ਵਜੇ ਉਨ੍ਹਾਂ ਨੇ ਪ੍ਰਬੰਧਕਾਂ ਕੋਲੋਂ ਆਪਣੀਆਂ 'ਕਿੱਟਾਂ' ਪ੍ਰਾਪਤ ਕੀਤੀਆਂ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਸਟਾਲਾਂ ਵਿਚ ਪਰੋਸਿਆ ਗਿਆ ਹਲਕਾ ਨਾਸ਼ਤਾ ਕੀਤਾ। ਸਵੇਰੇ 9.00 ਵਜੇ 10 ਕਿਲੋਮੀਟਰ ਦੌੜ ਆਰੰਭ ਹੋ ਗਈ। ਲੇਕਸ਼ੋਰ ਦੇ ਕੰਢੇ-ਕੰਢੇ ਬੋਰਡ-ਵਾਕ ਉੱਪਰ ਲੱਗਭੱਗ 2.5 ਕਿਲੋਮੀਟਰ ਅੱਗੇ ਜਾ ਕੇ 'ਯੂ-ਟਰਨ' ਲੈ ਕੇ ਨਾਲ ਲੱਗਦੀ ਸੜਕ ਤੋਂ ਵਾਪਸੀ ਕਰਦਿਆਂ ਦੌੜਾਕਾਂ ਨੇ 'ਸਟਾਰਟਿੰਗ ਪੁਆਇੰਟ' ਤੋਂ ਅੱਗੇ ਜਾ ਕੇ ਹੋਰ ਪੰਜ ਕਿਲੋ ਮੀਟਰ ਪੈਂਡਾ ਪੂਰਾ ਤੈਅ ਕਰਕੇ 'ਫਿਨਿਸ਼ ਪੁਆਇੰਟ' 'ਤੇ ਪਹੁੰਚਣਾ ਸੀ। ਬੜੀ ਹੈਰਾਨੀ ਦੀ ਗੱਲ ਸੀ ਕਿ ਇਸ ਦੌੜ ਦਾ ਸੱਭ ਤੋਂ ਤੇਜ਼ ਦੌੜਾਕ ਕੋਸਟਾ ਰੀਕਾ ਦੇਸ਼ ਦਾ ਵਾਸੀ ਲੂਈ ਅਲੈਗਜ਼ੈਂਡਰੋ 31 ਮਿੰਟ 2 ਸਕਿੰਟਾਂ ਵਿਚ ਹੀ ਇੱਥੇ ਪਹੁੰਚ ਗਿਆ। ਉਸ ਦੇ ਪਿੱਛੇ-ਪਿੱਛੇ ਦੌੜਦੇ ਹੋਏ ਏਸੇ ਹੀ ਦੇਸ਼ ਦੇ ਐਸਟੇਬਨ ਸੈੱਸ ਕੈਂਪੋਸ 31 ਮਿੰਟ 16 ਸਕਿੰਟ ਵਿਚ ਅਤੇ ਜੌਲਡੀ ਮੈੱਨਡੇਜ਼ 31 ਮਿੰਟ 55 ਸਕਿੰਟ ਵਿਚ ਫ਼ਿਨਿਸ਼ ਪੁਆਇੰਟ 'ਤੇ ਪਹੁੰਚ ਕੇ ਦੂਸਰੇ ਅਤੇ ਤੀਸਰੇ ਨੰਬਰ 'ਤੇ ਆਏ। ਟੀਪੀਏਆਰ ਕਲੱਬ ਦੇ ਮੈਂਬਰ ਸੋਢੀ ਕੰਗ 48 ਮਿੰਟ 35 ਸਕਿੰਟ, ਅਮਰਜੀਤ ਸਿੰਘ 48 ਮਿੰਟ 36 ਸਕਿੰਟ ਤੇ ਧਿਆਨ ਸਿੰਘ ਸੋਹਲ 51 ਮਿੰਟ 12 ਸਕਿੰਟ ਵਿਚ 'ਫਿਨਿਸ਼ ਪੁਆਇੰਟ''ਤੇ ਪਹੁੰਚ ਕੇ ਕਲੱਬ ਵਿਚੋਂ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਏ। ਜੱਸੀ ਧਾਲੀਵਾਲ 51 ਮਿੰਟ 55 ਸਕਿੰਟ ਵਿਚ ਪਹੁੰਚ ਕੇ ਚੌਥੇ ਨੰਬਰ 'ਤੇ ਰਿਹਾ। ਪੰਜ ਕਿਲੋਮੀਟਰ ਦੀ ਦੌੜ 10.00 ਵਜੇ ਸ਼ੁਰੂ ਹੋਈ। ਟੀਪੀਏਆਰ ਦੇ 16 ਮੈਂਬਰਾਂ ਨੇ ਇਸ ਦੌੜ ਵਿਚ ਭਾਗ ਲਿਆ ਜਿਨ੍ਹਾਂ ਵਿਚ ਚਾਰ ਸੀਨੀਅਰ ਮੈਂਬਰ ਜੰਗੀਰ ਸਿੰਘ ਸੈਂਹਬੀ, ਅਮਰਜੀਤ ਸਿੰਘ, ਹਰਚੰਦ ਸਿੰਘ ਬਾਸੀ ਤੇ ਡਾ. ਸੁਖਦੇਵ ਸਿੰਘ ਝੰਡ ਵੀ ਸਨ। ਛੋਟੇ ਬੱਚਿਆਂ ਦੀ ਤਿੰਨ ਕਿਲੋਮੀਟਰ ਦੌੜ 11.00 ਆਰੰਭ ਹੋਈ ਜਿਸ ਵਿਚ 3 ਸਾਲ ਤੋਂ ਲੈ ਕੇ ਛੇ ਸਾਲ ਦੇ ਬੱਚੇ ਬੜੇ ਉਤਸ਼ਾਹ ਨਾਲ ਸ਼ਾਮਲ ਹੋਏ। ਛੋਟੇ ਬੱਚਿਆਂ ਦੇ ਨਾਲ ਉਨ੍ਹਾਂ ਦੇ ਮਾਪੇ ਵੀ ਨਾਲ ਨਾਲ ਦੌੜ ਰਹੇ ਸਨ। ਇਹ ਵੇਖ ਕੇ ਬਹੁਤ ਸੋਹਣਾ ਲੱਗ ਰਿਹਾ ਸੀ। ਬਾਰਾਂ ਕੁ ਵਜੇ ਹਰੇਕ ਦੌੜ ਵਿੱਚੋਂ ਪਹਿਲੀਆਂ ਤਿੰਨ ਪੋਜ਼ੀਸ਼ਨਾਂ 'ਤੇ ਆਉਣ ਵਾਲੇ ਜੇਤੂਆਂ ਨੂੰ ਇਨਾਮ ਵੰਡੇ ਗਏ। ਏਨੇ ਚਿਰ ਨੂੰ ਦੁਪਹਿਰ ਦਾ ਖਾਣਾ ਆਰੰਭ ਹੋ ਗਿਆ। ਵੱਖ-ਵੱਖ ਸਟਾਲਾਂ 'ਤੇ ਕਈ ਪ੍ਰਕਾਰ ਦਾ ਖਾਣਾ ਲੱਗਾ ਹੋਇਆ ਸੀ ਪਰ ਸੱਭ ਤੋਂ ਲੰਮੀ ਲਾਈਨ 'ਟਰਕੀ ਵਾਲੇ ਬਾਰ-ਬੀਕਿਊ' ਵਾਲੇ ਸਟਾਲ ਉੱਪਰ ਸੀ। ਕਲੱਬ ਦੇ ਮੈਂਬਰਾਂ ਨੇ ਇੱਥੋ ਟਰਕੀ ਬਰਗਰ ਅਤੇ ਠੰਢੇ ਲਏ ਤੇ ਬੱਸ ਵੱਲ ਨੂੰ ਚੱਲ ਪਏ। ਇੱਥੇ ਸੋਢੀ ਕੰਗ ਤੇ ਹੈਪੀ ਸਹੋਤਾ ਵੱਲੋਂ ਪਿੱਕ-ਅੱਪ ਟਰੱਕ ਦੇ ਪਿਛਲੇ ਪਾਸੇ 'ਠੰਢੀ ਸ਼ਰਦਾਈ' ਦਾ ਲੰਗਰ ਸਜਾਇਆ ਗਿਆ ਸੀ। ਸਾਰਿਆਂ ਨੇ ਠੰਢੀ ਸ਼ਰਦਾਈ ਦਾ ਖ਼ੂਬ ਅਨੰਦ ਮਾਣਿਆਂ ਅਤੇ ਬੱਸ 'ਚ ਸਵਾਰ ਕੇ ਵਾਪਸ ਆਪਣੀ ਮੰਜ਼ਲ ਬਰੈਂਪਟਨ ਵੱਲ ਚੱਲ ਪਏ। ਬੱਸ ਵਿਚ ਜੱਸੀ ਧਾਲੀਵਾਲ ਵੱਲੋਂ ਕਲੱਬ ਦੇ ਸਪਾਂਸਰਾਂ ਗੈਰੀ ਗਰੇਵਾਲ, ਕੁਲਵੰਤ ਧਾਲੀਵਾਲ ਤੇ ਹੈਪੀ ਸਹੋਤਾ, ਚੇਅਰਮੈਨ ਸੰਧੂਰਾ ਸਿੰਘ ਬਰਾੜ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇੱਥੇ ਇਹ ਵੀ ਵਰਨਣਯੋਗ ਹੈ ਇਕ ਇਸ ਤੋਂ ਦੋ ਦਿਨ ਪਹਿਲਾਂ 27 ਸਤੰਬਰ ਨੂੰ ਟੀਪੀਏਆਰ ਕਲੱਬ ਦੇ ਤਿੰਨ ਮੈਂਬਰਾਂ ਜੱਸੀ ਧਾਲੀਵਾਲ, ਮਨਜੀਤ ਨੌਟਾ ਅਤੇ ਚੇਅਰਮੈਨ ਸੰਧੂਰਾ ਸਿੰਘ ਬਰਾੜ ਨੇ ਦਿਲਚਸਪ 'ਕਾਲ ਬਰੀਟਾ ਨਾਈਟ ਰੱਨ' ਵਿਚ ਵੀ ਭਾਗ ਲਿਆ। ਇਹ ਕੇਵਲ ਇਕ ਹੀ ਦੌੜ ਹੈ ਜੋ ਰਾਤ ਨੂੰ ਕਰਵਾਈ ਜਾਂਦੀ ਹੈ। ਦੌੜ ਦੇ ਰੂਟ ਵਿਚਸੜਕ ਦੇ ਦੋਵੇਂ ਪਾਸੇ ਤੇਜ਼ ਲਾਈਟਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਜੋ ਹਨੇਰੇ ਕਾਰਨ ਦੌੜਾਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਤਰਕਸ਼ੀਲ ਸੁਸਾਇਟੀ ਕੈਨੇਡਾ, ਓਨਟਾਰੀਓ ਵੱਲੋਂ ਸ਼ਹੀਦ ਭਗਤ ਸਿੰਘ 'ਤੇ ਭਾਅ ਗੁਰਸ਼ਰਨ ਸਿੰਘ ਨੂੰ ਸਮਰਪਿਤ ਪ੍ਰੋਗਰਾਮ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ ਬੀਤੇ ਐਤਵਾਰ ਸ਼ਹੀਦ ਭਗਤ ਸਿੰਘ ਅਤੇ ਲੋਕ ਨਾਇਕ ਭਾਅ ਜੀ ਗੁਰਸ਼ਰਨ ਸਿੰਘ ਜੀ ਦੀ ਯਾਦ ਵਿੱਚ ਯਾਦਗਾਰੀ ਸਮਾਗਮ ਕਰਵਾਇਆ ਗਿਆ ਅਤੇ ਇਸ ਸਮੇਂ ਤਰਕਸ਼ੀਲ ਵਿਚਾਰਧਾਰਾ ਨੂੰ ਸਮਰਪਿਤ ਤਿੰਨ ਸ਼ਖਸੀਅਤਾਂ ਨੂੰ ਸਨਮਨਿਤ ਵੀ ਕੀਤਾ ਗਿਆ। ਪ੍ਰੋਗਰਾਮ ਨੂੰ ਪੰਜਾਬੀ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ ਮਿਲਿਆ ਜਿਸ ਕਾਰਨ ਖਚਾਖਚ ਭਰੇ ਹਾਲ ਵਿੱਚ ਬਹੁਤ ਸਾਰੇ ਆਏ ਲੋਕਾਂ ਨੂੰ ਅੰਤ ਤੱਕ ਖੜਕੇ ਹੀ ਇਹ ਸਾਰਾ ਪ੍ਰੋਗਰਾਮ ਸੁਣਨਾ ਪਿਆ।

ਪ੍ਰੋਗਰਾਮ ਦੀ ਸ਼ੁਰੂਆਤ ਮਲਕੀਤ ਮਾਣਕ ਜੀ ਨੇ ਸ਼ਹੀਦ ਭਗਤ ਸਿੰਘ ਦੀ ਵਾਰ ਤੋਂ ਕੀਤੀ। ਇਸ ਪਿੱਛੋਂ ਸੁਸਾਇਟੀ ਦੀ ਓਨਟਾਰੀਓ ਇਕਾਈ ਦੇ ਜਨਰਲ ਸਕੱਤਰ ਅਤੇ ਪ੍ਰੋਗਰਾਮ ਦੇ ਮੁੱਖ ਬੁਲਾਰੇ ਅਮਰਦੀਪ ਮੰਡੇਰ ਨੇ ਕਿਹਾ ਕਿ ਭਗਤ ਸਿੰਘ ਨੂੰ ਇੱਕ ਗਰਮ ਖਿਆਲੀ ਜਵਾਨ ਸਮਝਣ ਦੀ ਭੁੱਲ ਨਹੀਂ ਕਰਨੀ ਚਾਹੀਦੀ ਸਗੋਂ ਉਹ ਇਕ ਸੂਝਵਾਨ ਬੁੱਧੀਜੀਵੀ ਸਨ ਜੋ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ ਅਤੇ ਸਾਰੀ ਉਮਰ ਸਮਾਜਿਕ ਨਿਆਂ ਲਈ ਜੂਝਦੇ ਰਹੇ। ਇੱਕ ਪਾਸੇ ਉਨ੍ਹਾ ਧਰਮ ਨਿਰਪੱਖ ਅਸੂਲਾਂ ਤੇ ਪਹਿਰਾ ਦਿਤਾ ਪਰ ਨਾਲ ਹੀ ਉਹਨਾਂ ਦਾ ਵਿਸ਼ਵਾਸ ਸੀ ਕਿ ਲੋਕਾਂ ਦੇ ਹਾਲਾਤ ਬਦਲਣ ਲਈ ਕਿਸੇ ਸਰਬ-ਸ਼ਕਤੀਮਾਨ ਰੱਬ ਤੇ ਨਹੀਂ ਸਗੋਂ ਲੋਕ ਘੋਲਾਂ ਉੱਤੇ ਹੀ ਨਿਰਭਰ ਕੀਤਾ ਜਾਣਾ ਚਾਹੀਦਾ। ਇੰਟਰਨੈਸ਼ਨਲ ਵਿਦਿਆਰਥੀ ਆਗੂ ਮਨਪ੍ਰੀਤ ਕੌਰ ਲੌਂਗੋਵਾਲ ਵੱਲੋਂ ਵਿਦਿਆਰਥੀ ਵਰਗ ਦੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਇੱਕ ਕਵਿਤਾ ਵੀ ਪੇਸ਼ ਕੀਤੀ ਗਈ। ਸੁਸਾਇਟੀ ਦੇ ਉਪ ਪ੍ਰਧਾਨ ਬਲਰਾਜ ਸ਼ੋਕਰ ਜੀ ਨੇ ਭਗਤ ਸਿੰਘ ਦੀ ਸੈਕੂਲਰ ਵਿਚਾਰਧਾਰਾ ਬਾਰੇ ਬੋਲਦਿਆਂ ਕਿਹਾ ਕਿ ਸਾਨੂੰ ਆਪਣੇ ਦੇਸ਼ ਦਾ ਨਾਮ ਜੋ ਭਾਰਤੀ ਸੰਵਿਧਾਨ ਵਿੱਚ ਦਰਜ ਹੈ ਇੰਡੀਆ ਜਾਂ ਭਾਰਤ ਹੀ ਵਰਤਣਾ ਚਾਹੀਦਾ ਹੈ ਜੋ ਸੈਕੂਲਰ ਹੈ।

ਇਸ ਉਪਰੰਤ ਅਜਮੇਰ ਪਰਦੇਸੀ ਜੀ ਨੇ ਆਪਣੇ ਵਿਚਾਰ ਸ਼ਹੀਦ ਭਗਤ ਸਿੰਘ ਬਾਰੇ ਲਿਖੀ ਕਵਿਤਾ ਰਾਹੀਂ ਰੱਖੇ। ਮਲੂਕ ਸਿੰਘ ਕਾਹਲੋਂ ਨੇ ਭਾਅ ਜੀ ਗੁਰਸ਼ਰਨ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਅਤੇ ਸੁਰਜੀਤ ਪਾਤਰ ਦੀ ਕਵਿਤਾ ਦੀਆਂ ਸਤਰਾਂ ਸਾਂਝੀਆਂ ਕੀਤੀਆਂ। ਸੁਸਾਇਟੀ ਦੇ ਕੌਮਾਂਤਰੀ ਇੰਚਾਰਜ ਤੇ ਕੌਮੀ ਮੀਤ ਪ੍ਰਧਾਨ ਬਲਵਿੰਦਰ ਬਰਨਾਲਾ ਨੇ ਕਿਹਾ ਕਿ ਲੋਕਾਂ ਨੂੰ ਭਗਤ ਸਿੰਘ ਵਾਂਗ ਤਰਕ ਦੇ ਅਧਾਰ ਸੋਚਣ ਦੀ ਆਦਤ ਪਾਉਣੀ ਚਾਹਦੀ ਹੈ। ਭਾਅ ਜੀ ਗੁਰਸ਼ਰਨ ਵਲੋਂ ਨਾਟਕਾਂ ਰਾਹੀਂ ਇਹ ਪਹੁੰਚ ਆਪਣੇ ਨਾਟਕ 'ਦੇਵ ਪੁਰਸ਼ ਹਾਰ ਗਏ' ਰਾਹੀਂ ਲੋਕਾਂ ਵਿੱਚ ਭਰਵੇਂ ਰੂਪ ਵਿੱਚ ਪ੍ਰਚਾਰੀ ਗਈ।

ਸਮਾਗਮ ਦੇ ਮੁੱਖ ਮਹਿਮਾਨ ਹਰਚੰਦ ਭਿੰਡਰ ਜੀ ਜੋ 83 ਇਕਾਈਆਂ ਦੀ ਫੈਡਰੇਸ਼ਨ ਦੇ ਖਜਾਨਚੀ ਹਨ ਨੇ ਜਿੱਥੇ ਲੋਕ ਨਾਇਕ ਗੁਰਸ਼ਰਨ ਸਿੰਘ ਬਾਰੇ ਗੱਲਬਾਤ ਕੀਤੀ ਓਥੇ ਉਹਨਾਂ ਰੈਸ਼ਨੇਲਿਸਟ ਸੋਸਾਇਟੀਆਂ ਦੀ ਫੈਡਰੇਸ਼ਨ ਵੱਲੋਂ ਕਰਵਾਈ ਜਾਣ ਵਾਲੀ ਕਾਨਫਰੰਸ ਦੀ ਜਾਣਕਾਰੀ ਵੀ ਸਾਂਝੀ ਕੀਤੀ। ਭਗਤ ਸਿੰਘ ਦੀ ਭਤੀਜੀ ਇੰਦਰਜੀਤ ਕੌਰ ਅਤੇ ਉਨ੍ਹਾ ਦੇ ਪਤੀ ਅੰਮ੍ਰਿਤ ਢਿਲੋਂ ਨੇ ਭਗਤ ਸਿੰਘ ਨਾਲ ਸਬੰਧਿਤ ਯਾਦਾਂ ਤਾਜ਼ਾ ਕੀਤੀਆਂ ਗਈਆਂ । ਸੁਸਾਇਟੀ ਵੱਲੋਂ ਹਰਚੰਦ ਭਿੰਡਰ, ਅੰਮ੍ਰਿਤ ਢਿੱਲੋਂ ਅਤੇ ਕੁਲਦੀਪ ਸੰਧੂ ਦਾ ਉਹਨਾਂ ਦੀਆਂ ਤਰਕਸ਼ੀਲ ਸੇਵਾਂਵਾ ਲਈ ਸਨਮਾਨ ਕੀਤਾ ਗਿਆ। ਸਰੋਤਿਆਂ ਲਈ ਚਾਹ ਪਾਣੀ ਦਾ ਪ੍ਰਬੰਧ ਨਿਰਮਲ ਸੰਧੂ ਜੀ ਵੱਲੋਂ ਕੀਤਾ ਗਿਆ। ਅਖੀਰ ਵਿੱਚ ਸੁਸਾਇਟੀ ਦੇ ਪ੍ਰਧਾਨ ਜਸਵੀਰ ਚਾਹਲ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੀ ਕਾਰਵਾਈ ਸੋਹਣ ਢੀਂਡਸਾ ਅਤੇ ਹਰਬੰਸ ਮੱਲ੍ਹੀ ਜੀ ਵੱਲੋਂ ਬਾਖੂਬੀ ਚਲਾਈ ਗਈ। ਸਮਾਗਮ ਵਿੱਚ ਆਏ ਸਰੋਤਿਆ ਨੇ ਤਰਕਸ਼ੀਲ ਸੁਸਾਇਟੀ ਦੀ ਮੈਂਬਰਸ਼ਿਪ ਵੀ ਲਈ ਅਤੇ ਤਰਕਸ਼ੀਲ ਸਾਹਿਤ ਵੀ ਖਰੀਦਿਆ। ਸੁਸਾਇਟੀ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਜਸਵੀਰ ਚਾਹਲ (416-820-6800) ਜਾਂ ਅਮਰਦੀਪ (647- 782-8334)ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਨੀਮਾ ਐਸੋਸੀਏਸ਼ਨ ਨੇ ਮਨਾਇਆ ਵਰਲਡ ਹਾਰਟ ਡੇ




ਅੱਜ ਪੱਟੀ ਵਿਖੇ ਨੈਸ਼ਨਲ ਇੰਟਿਗ੍ਰੇਟਡ ਮੈਡੀਕਲ ਐਸੋਸੀਏਸ਼ਨ (ਨੀਮਾ) ਤਰਨ ਤਾਰਨ ਬ੍ਰਾਂਚ ਦੀ ਮੀਟਿੰਗ ਹੋਈ ਜਿਸ ਵਿਚ ਈ ਐਮ ਸੀ ਹਸਪਤਾਲ ਅੰਮ੍ਰਿਤਸਰ ਤੋਂ ਆਏ ਹੋਏ ਡਾਕਟਰ ਸਾਹਿਬਾਨ ਨੇ ਵਰਲਡ ਹਾਰਟ ਡੇ ਤੇ ਹਾਰਟ ਦੀਆਂ ਬਿਮਾਰੀਆਂ ਤੇ ਉਸ ਤੋਂ ਬਚਾਵ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਨੀਮਾ ਮੈਂਬਰਸ ਵੱਲੋਂ ਆਉਣ ਵਾਲੀਆਂ ਨੀਮਾ ਦੀਆਂ ਜਿਲ੍ਹਾ ਪੱਧਰੀ ਚੋਣਾਂ ਬਾਰੇ ਵਿਚਾਰ ਚਰਚਾ ਹੋਈ ਅਤੇ ਐਸੋਸੀਏਸ਼ਨ ਨੂੰ ਹੋਰ ਮਜਬੂਤ ਕਰਨ ਲਈ ਰਣਨੀਤੀ ਤਿਆਰ ਕੀਤੀ ਗਈ। ਇਸ ਮੌਕੇ ਡਾ.ਬਿਕ੍ਰਮਜੀਤ ਸਿੰਘ ਢਿੱਲੋਂ, ਡਾ ਸੁਨੀਲ ਜੋਸ਼ੀ, ਡਾ.ਹਰਮੀਤ ਸਿੰਘ, ਡਾ.ਅਮਰਜੀਤ ਸਿੰਘ, ਡਾ.ਇੰਦਰਜੀਤ ਸਿੰਘ, ਡਾ.ਮਨਪ੍ਰੀਤ ਬਿੰਦ, ਡਾ.ਰਾਜਿੰਦਰ, ਡਾ.ਪਰਵਿੰਦਰ ਖਾਹਰਾ, ਡਾ. ਗੁਰਜੀਤ ਸਿੰਘ ਭੁੱਲਰ, ਡਾ.ਗਗਨ ਸ਼ਰਮਾ, ਡਾ.ਰਘੂ ਸ਼ਰਮਾ, ਡਾ.ਨਵਦੀਪ ਸਿੰਘ,ਡਾ.ਰਿਤੇਸ਼ ਚੋਪੜਾ, ਡਾ.ਪ੍ਰੇਮੀ ਮੇਹਤਾ, ਡਾ.ਸੁਖਬੀਰ ਸਿੰਘ, ਡਾ.ਸੂਦ, ਡਾ. ਲਵਦੀਪ ਸਿੰਘ, ਡਾ.ਲਵਜੀਤ ਸਿੰਘ ਆਦਿ ਡਾਕਟਰ ਸ਼ਾਮਿਲ ਹੋਏ।

### ਮੰਡੀ ਗੋਬਿੰਦਗੜ੍ਹ 'ਚ ਵੱਡੀ ਵਾਰਦਾਤ

# ਕਾਂਗਰਸੀ ਆਗੂ ਦੇ ਪੁੱਤ ਦਾ ਬੇਰਹਿਮੀ ਨਾਲ ਕਤਲ



ਮੰਡੀ ਗੋਬਿੰਦਗੜ੍ਹ ਤੋਂ ਵੱਡੀ ਵਾਰਦਾਤ ਦੀ ਖਬਰ ਸਾਹਮਣੇ ਆਈ ਹੈ। ਇਥੇ ਦਿਨ ਦਿਹਾੜੇ ਕਾਂਗਰਸੀ ਆਗੂ ਮਨਜੀਤ ਸਿੰਘ ਵਾਸੀ ਵਿਕਾਸ ਨਗਰ ਦੇ ਨੌਜਵਾਨ ਪੁੱਤਰ ਦਾ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਤਰਨਜੀਤ ਤਰਨੀ ਵਜੋਂ ਹੋਈ ਹੈ। ਪੁਲਿਸ ਵੱਲੋਂ 4 ਵਿਅਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਦੱਸਿਆ ਜਾ ਰਿਹਾ ਹੈ 4 ਵਿਅਕਤੀਆਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਪੁਲਿਸ ਵੱਲੋਂ ਕੱਲ੍ਹ ਰਾਤ ਹੀ ਚਾਰ ਵਿਅਕਤੀਆਂ ਤੇ 302 ਤਹਿਤ ਮਾਮਲਾ ਦਰਜ ਕਰ ਦਿੱਤਾ ਗਿਆ ਹੈ ਅਤੇ ਪੁਲਿਸ ਵੱਲੋਂ ਟੀਮਾਂ ਬਣਾਕੇ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ। ਕਤਲ ਦੇ ਪਿੱਛੇ ਅਸਲ ਕਾਰਨ ਕੀ ਹਨ ਇਸ ਸਬੰਧੀ ਫਿਲਹਾਲ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੁਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰ੍ਹ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

# ਅੰਜੀਰ ਦਿੰਦਾ ਹੈ ਬਹੁਤ ਫਾਇਦੇ



ਅੰਜੀਰ ਨੂੰ ਸਿਹਤ ਲਈ ਫਾਇਦੇਮੰਦ ਦੱਸਿਆ ਗਿਆ ਹੈ ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਇਹ ਭਾਰ ਘਟਾਉਣ ਦੇ ਨਾਲ-ਨਾਲ ਵਧਦਾ ਹੈ। ਇਸ ਦਾ ਸੇਵਨ ਕਰਨ ਦਾ ਤਰੀਕਾ ਦੋਵਾਂ ਵਿਚ ਵੱਖ-ਵੱਖ ਹੈ।

ਸਭ ਤੋਂ ਚੰਗੀ ਗੱਲ ਇਹ ਹੈ ਕਿ ਸ਼ੂਗਰ ਦੇ ਮਰੀਜ਼ ਵੀ ਇਸ ਦਾ ਸੇਵਨ ਕਰਦੇ ਹਨ। ਹਾਲਾਂਕਿ ਅਜਿਹਾ ਆਪਣੀ ਮਰਜ਼ੀ ਨਾਲ ਨਹੀਂ ਕਰਨਾ ਚਾਹੀਦਾ ਅਤੇ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।



**ਭਾਰ ਘਟਾਉਣ ਲਈ ਅੰਜੀਰ ਦਾ ਇਸ ਤਰ੍ਹਾਂ ਕਰੋ ਸੇਵਨ**

ਅੰਜੀਰ ਘੱਟ ਕੈਲੋਰੀ ਅਤੇ ਉੱਚ ਫਾਈਬਰ ਵਾਲਾ ਫਲ ਹੈ। ਫਾਈਬਰ ਦੀ ਮੌਜੂਦਗੀ ਕਾਰਨ ਪੇਟ ਜਲਦੀ ਭਰ ਜਾਂਦਾ ਹੈ ਅਤੇ ਲੰਬੇ ਸਮੇਂ ਤੱਕ ਭੁੱਖ ਨਹੀਂ ਲੱਗਦੀ।

ਅੰਜੀਰ ਵਿਟਾਮਿਨ ਏ ਅਤੇ ਬੀ ਨਾਲ ਭਰਪੂਰ ਹੁੰਦੇ ਹਨ, ਜੋ ਮੈਟਾਬੋਲਿਜ਼ਮ ਨੂੰ ਸੁਧਾਰਦੇ ਹਨ। ਇਹ ਭਾਰ ਘਟਾਉਣ ਵਿੱਚ ਵੀ ਮਦਦ ਕਰਦਾ ਹੈ।

ਮੋਟਾਪਾ ਘੱਟ ਕਰਨ ਲਈ ਭੋਜਨ ਨੂੰ ਸਹੀ ਢੰਗ ਨਾਲ ਪਚਾਉਣਾ ਜ਼ਰੂਰੀ ਹੈ। ਇਹ ਅੰਜੀਰ ਵਿੱਚ ਮੌਜੂਦ ਫਾਈਸਿਨ ਪਾਚਕ ਐਨਜ਼ਾਈਮ ਦੇ ਕਾਰਨ ਕੰਮ ਕਰਦਾ ਹੈ।

ਅੰਜੀਰ ਵਿੱਚ ਓਮੇਗਾ 3 ਫੈਟੀ ਐਸਿਡ ਭਰਪੂਰ ਮਾਤਰਾ ਵਿੱਚ ਹੁੰਦਾ ਹੈ। ਇਹ ਕਸਰਤ ਦੌਰਾਨ ਕੈਲੋਰੀ ਬਰਨ ਕਰਨ ਵਿੱਚ ਮਦਦ ਕਰਦਾ ਹੈ।

**ਭਾਰ ਵਧਾਉਣਾ ਚਾਹੁੰਦੇ ਹੋ ਤਾਂ ਅੰਜੀਰ ਦਾ ਇਸ ਤਰ੍ਹਾਂ ਕਰੋ ਸੇਵਨ**

ਜੋ ਲੋਕ ਭਾਰ ਵਧਾਉਣ ਲਈ ਅੰਜੀਰ ਦਾ ਸੇਵਨ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਦਿਨ ਵਿਚ 2-3 ਅੰਜੀਰ ਖਾਣਾ ਚਾਹੀਦਾ ਹੈ।

ਅੰਜੀਰ ਦਾ ਦੁੱਧ ਦੇ ਨਾਲ ਸੇਵਨ ਕਰਨ ਨਾਲ ਭਾਰ ਵਧਦਾ ਹੈ। ਇਸ ਤੋਂ ਇਲਾਵਾ ਓਟਸ 'ਚ ਦੁੱਧ ਅਤੇ ਅੰਜੀਰ ਦੇ ਟੁਕੜਿਆਂ ਨੂੰ ਮਿਲਾ ਕੇ ਖਾਓ।

ਭਾਰ ਵਧਾਉਣ ਲਈ ਅੰਜੀਰ ਖਾਣ ਦਾ ਸਹੀ ਤਰੀਕਾ ਇਹ ਹੈ ਕਿ ਰਾਤ ਨੂੰ 1-2 ਅੰਜੀਰ ਨੂੰ ਪਾਣੀ 'ਚ ਭਿਓ ਕੇ ਖਾਲੀ ਪੇਟ ਖਾਓ।

ਮਿਠਾਈ ਜਾਂ ਪੁਡਿੰਗ ਵਿੱਚ ਚੀਨੀ ਦੀ ਥਾਂ ਅੰਜੀਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਨਾਲ ਭਾਰ ਵਧਾਉਣ 'ਚ ਵੀ ਮਦਦ ਮਿਲਦੀ ਹੈ।

**ਅੰਜੀਰ ਦਾ ਜ਼ਿਆਦਾ ਸੇਵਨ ਨੁਕਸਾਨਦਾਇਕ**

ਅੰਜੀਰ ਫਾਇਦੇਮੰਦ ਹੈ ਪਰ ਇਸ ਦਾ ਜ਼ਿਆਦਾ ਸੇਵਨ ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਬਹੁਤ ਜ਼ਿਆਦਾ ਅੰਜੀਰ ਖਾਣ ਨਾਲ ਪੇਟ ਵਿੱਚ ਗਰਮੀ ਹੋ ਸਕਦੀ ਹੈ। ਸ਼ੂਗਰ ਦੇ ਮਰੀਜ਼ਾਂ ਨੂੰ ਇੱਕ ਤੋਂ ਵੱਧ ਅੰਜੀਰ ਨਹੀਂ ਖਾਣੀ ਚਾਹੀਦੀ।

# ਸਖ਼ਤ ਮਿਹਨਤ ਤੋਂ ਬਾਅਦ ਵੀ ਘੱਟ ਨਹੀਂ ਰਿਹਾ ਭਾਰ

ਭੱਜ-ਦੌੜ ਵਾਲੀ ਸਵੇਰ ਅਤੇ ਫਿਰ ਤਕਨਾਲੋਜੀ ਨਾਲ ਭਰੀ ਰਾਤ ਨੇ ਲੋਕਾਂ ਦਾ ਜਨ-ਜੀਵਨ ਉਥਲ-ਪੁਥਲ ਕਰ ਦਿੱਤਾ ਹੈ। ਕੁਝ ਲੋਕ ਸਵੇਰੇ ਖ਼ਾਲੀ ਪੇਟ ਬੈੱਡ ਟੀ ਪੀ ਕੇ ਦਿਨ ਦੀ ਸ਼ੁਰੂਆਤ ਕਰਦੇ ਹਨ, ਜਦੋਂਕਿ ਕੁਝ ਲੋਕਾਂ ਕੋਲ ਸਵੇਰੇ ਬੈੱਡ ਟੀ ਦਾ ਸਮਾਂ ਵੀ ਨਹੀਂ ਹੁੰਦਾ। ਉਹ ਕਿਸੇ ਤਰ੍ਹਾਂ ਜਲਦੀ ਨਾਸ਼ਤਾ ਕਰ ਕੇ ਕੰਮ ਲਈ ਰਵਾਨਾ ਹੋ ਜਾਂਦੇ ਹਨ, ਜਦੋਂਕਿ ਹਰ ਕੋਈ ਜਾਣਦਾ ਹੈ ਕਿ ਇਹ ਕਿੰਨਾ ਗ਼ਲਤ ਹੈ। ਇਹ ਸਿੱਧੇ ਤੌਰ 'ਤੇ ਕਈ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ, ਜਿਨ੍ਹਾਂ ਵਿੱਚੋਂ ਮੁੱਖ ਹੈ ਮੋਟਾਪਾ। ਮੋਟਾਪੇ ਨਾਲ ਨਜਿੱਠਣ ਲਈ ਲੋਕ ਦਿਨ ਭਰ ਕਈ ਤਰੀਕੇ ਅਪਣਾਉਂਦੇ ਹਨ ਪਰ ਸਵੇਰ ਦੀਆਂ ਕੁਝ ਆਦਤਾਂ ਤੁਹਾਨੂੰ ਭਾਰ ਘਟਾਉਣ ਤੋਂ ਰੋਕਦੀਆਂ ਹਨ। ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀਆਂ ਛੋਟੀਆਂ-ਛੋਟੀਆਂ ਆਦਤਾਂ ਸਿਹਤ ਵਿਚ ਵੱਡੇ ਬਦਲਾਅ ਲਿਆ ਸਕਦੀਆਂ ਹਨ। ਇਸ ਲਈ ਭਾਰ ਘਟਾਉਣ ਲਈ ਨਾਸ਼ਤੇ ਤੋਂ ਪਹਿਲਾਂ ਅਪਣਾਓ ਇਹ 3 ਅਸਰਦਾਰ ਆਦਤਾਂ-

**ਵਰਕਆਊਟ ਜ਼ਰੂਰ ਕਰੋ :-** ਸਵੇਰ ਦੀ ਕਸਰਤ ਦਿਨ 'ਚ ਕੀਤੇ ਜਾਣ ਵਾਲੇ ਕਿਸੇ ਵੀ ਵਰਕਆਊਟ ਨਾਲੋਂ ਕਈ ਗੁਣਾ ਬਿਹਤਰ ਹੈ। ਦਿਨ ਦੀ ਸ਼ੁਰੂਆਤ ਹਲਕੀ ਜਾਗਿੰਗ, ਮੈਡੀਟੇਸ਼ਨ, ਸਾਈਕਲਿੰਗ, ਜੰਪਿੰਗ, ਰੱਸੀ ਟੱਪਣ ਜਾਂ ਖਿੱਚਣ ਨਾਲ ਕਰੋ। ਟੀਚਾ ਇਹ ਹੋਣਾ ਚਾਹੀਦਾ ਕਿ ਕਿਸੇ ਵੀ ਰੂਪ ਵਿਚ ਵਰਕਆਊਟ ਜ਼ਰੂਰ ਕਰੋ। ਇਹ ਸਰੀਰ ਦੇ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ, ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਵਿਚ ਰੱਖਦਾ ਹੈ ਅਤੇ ਭਾਰ ਘਟਾਉਣ ਵਿਚ ਮਦਦ ਕਰਦਾ ਹੈ। ਸਵੇਰੇ ਖਾਲੀ ਪੇਟ ਕਸਰਤ ਕਰਨ ਨਾਲ ਸਰੀਰ ਨੂੰ ਭੋਜਨ ਤੋਂ ਬਿਨਾਂ ਊਰਜਾ ਨਹੀਂ ਮਿਲਦੀ। ਕਸਰਤ ਲਈ ਊਰਜਾ ਦੀ ਲੋੜ ਹੁੰਦੀ ਹੈ, ਜਿਸ ਦੀ ਪੂਰਤੀ ਸਰੀਰ ਵਿਚ ਜਮ੍ਹਾ ਚਰਬੀ ਤੋਂ ਊਰਜਾ ਲੈ ਕੇ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਹ ਭਾਰ ਘਟਾਉਣ 'ਚ ਮਦਦ ਕਰਦਾ ਹੈ।

**ਪਾਣੀ ਪੀਓ :-** ਸਵੇਰੇ ਉੱਠਣ ਤੋਂ ਬਾਅਦ ਪਾਣੀ ਪੀਣ ਨਾਲ ਭਾਰ ਘਟਾਉਣ ਵਿਚ ਮਦਦ ਮਿਲਦੀ ਹੈ। ਭਾਰ ਘਟਾਉਣ ਦਾ ਇਹ ਸਭ ਤੋਂ ਸੌਖਾ ਤਰੀਕਾ ਹੈ। ਇਕ ਅਧਿਐਨ ਅਨੁਸਾਰ ਸਵੇਰੇ ਪਾਣੀ ਪੀਣ ਨਾਲ ਮੈਟਾਬੌਲਿਕ ਰੇਟ ਔਸਤਨ 30 ਫ਼ੀਸਦੀ ਵੱਧ ਜਾਂਦਾ ਹੈ। ਕੁਝ ਲੋਕਾਂ ਨੂੰ ਪਾਣੀ ਪੀਣ ਤੋਂ ਬਾਅਦ ਭੁੱਖ ਘੱਟ ਲੱਗਦੀ ਹੈ, ਜਿਸ ਨਾਲ ਭਾਰ ਘਟਾਉਣ ਵਿਚ ਮਦਦ ਮਿਲਦੀ ਹੈ। ਨਾਲ ਹੀ ਜੇ ਨਿੰਬੂ ਨੂੰ ਪਾਣੀ 'ਚ ਮਿਲਾ ਕੇ ਪੀਤਾ ਜਾਵੇ ਤਾਂ ਇਹ ਸਰੀਰ 'ਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ 'ਚ ਵੀ ਮਦਦਗਾਰ ਹੈ।

**ਭਾਰ ਤੋਲਣਾ :-** ਅਜਿਹੇ 'ਚ ਲੋਕ ਮਹੀਨੇ 'ਚ ਇਕ ਵਾਰ ਵਜ਼ਨ ਕਰਨ ਦੀ ਸਲਾਹ ਦਿੰਦੇ ਹਨ ਕਿਉਂਕਿ ਕੁਝ ਲੋਕਾਂ ਲਈ ਇਹ ਮਾਨਸਿਕ ਦਬਾਅ ਬਣ ਜਾਂਦਾ ਹੈ। ਜੇ ਤੁਸੀਂ ਸਿਹਤ ਪ੍ਰਤੀ ਜਾਗਰੂਕ ਹੋ, ਤਾਂ ਤੁਹਾਨੂੰ ਸਵੇਰੇ ਇੱਕ ਵਾਰ ਆਪਣਾ ਵਜ਼ਨ ਜ਼ਰੂਰ ਕਰਨਾ ਚਾਹੀਦਾ ਹੈ। ਇਸ ਨਾਲ ਇਹ ਆਦਤ ਬਣ ਜਾਵੇਗੀ, ਜਿਸ ਕਾਰਨ ਤੁਸੀਂ ਆਪਣੀ ਸਿਹਤ ਪ੍ਰਤੀ ਸੁਚੇਤ ਰਹਿੰਦੇ ਹੋਏ ਦਿਨ ਦੀ ਸ਼ੁਰੂਆਤ ਅਜਿਹੇ ਕਦਮਾਂ ਨਾਲ ਕਰੋਗੇ ਕਿ ਦਿਨ ਭਰ ਤੁਹਾਡੇ ਚੇਤੰਨ ਮਨ 'ਤੇ ਇਸ ਦੀ ਛਾਪ ਬਣੀ ਰਹੇਗੀ। ਅਜਿਹੀ ਸਥਿਤੀ ਵਿਚ ਤੁਸੀਂ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਦੋ ਵਾਰ ਜ਼ਰੂਰ ਸੋਚੋਗੇ, ਜਿਸ ਨਾਲ ਦਿਨ ਭਰ ਭਾਰ ਵੱਧ ਸਕਦਾ ਹੈ।

# ਢਿੱਡ-ਪੀੜ ਬਣੀ ਆਮ ਸਮੱਸਿਆ

"ਵਿਸ਼ਵ ਭਰ 'ਚ ਪੇਟ ਦੀ ਹਰ ਸਮੱਸਿਆ ਲਈ ਜ਼ਿੰਮੇਵਾਰ ਬਣਿਆ ਅੱਜ ਦਾ ਲਾਈਫ-ਸਟਾਈਲ। ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਤੇ ਸੀਨੀਅਰਜ਼ ਹਰ ਮੌਸਮ ਵਿਚ ਪੇਟ-ਦਰਦ ਦਾ ਸ਼ਿਕਾਰ ਹੋ ਰਹੇ ਹਨ। ਲੋੜ ਹੈ ਆਪਣਾ ਲਾਈਫ-ਸਟਾਈਲ ਠੀਕ ਰੱਖਣ ਦੀ- ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ :** ਦੁਨੀਆ ਭਰ ਵਿਚ ਬਦਲ ਰਹੇ ਲਾਈਫ-ਸਟਾਈਲ ਨੇ ਵਧਾ ਦਿੱਤੀ ਹੈ ਪੇਟ-ਦਰਦ ਦੀ ਸਮੱਸਿਆ। ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਤੇ ਸੀਨੀਅਰਜ਼ ਹਰ ਮੌਸਮ ਵਿਚ ਪੇਟ-ਦਰਦ ਦਾ ਸ਼ਿਕਾਰ ਹੋ ਰਹੇ ਹਨ। ਅਸਲ ਵਿਚ ਪੇਟ ਅੰਦਰ ਜ਼ਿਆਦਾ ਅੰਗ ਹੋਣ ਕਰਕੇ ਕੋਈ ਵੀ ਹਿੱਸਾ ਇਫੈਕਟ ਹੋ ਸਕਦਾ ਹੈ। ਪੇਟ ਦਰਦ ਕਿਸੇ ਵੀ ਸਮੇਂ ਘੱਟ ਜਾਂ ਵੱਧ ਸਮੇਂ ਲਈ ਰਹਿ ਸਕਦਾ ਹੈ।

ਇਕ ਸਟਡੀ ਮੁਤਾਬਿਕ ਤਕਰੀਬਨ ਇਕ ਤਿਹਾਈ ਰੋਗੀਆਂ ਵਿਚ ਪੇਟ ਦਰਦ ਦੀ ਸ਼ਿਕਾਇਤ ਦਾ ਮੂਲ ਕਾਰਨ ਖੂਨ ਤੇ ਪਿਸ਼ਾਬ ਦੇ ਕੁੱਝ ਟੈਸਟਾਂ ਦੁਆਰਾ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ। ਆਮ ਪੇਟ ਦਰਦ 7.2-18.7% ਗੈਸਰੋਐਂਟਰਾਈਟਸ, ਬਦਬੂਦਾਰ ਸਟੂਲ, ਕਬਜ਼ 2.6-13.2%, ਯੂਰੀਨ ਸਿਸਟਮ 5.3%, ਗੈਸਟਰਾਈਟਸ 5.2%, ਅਪੈਂਡਸਿਸ 1.9%, ਡਾਈਵਰਟੀਕੁਲਾਈਟਸ 3.0%, ਬਿਲੀਰੀ-ਪੈਨਕ੍ਰੇਟਿਕ 4.0%, ਅਤੇ ਨਿਓਪਲਾਸਟਿਕ 1.0% ਵਗੈਰਾ ਗੰਭੀਰ ਕਾਰਨ ਹੋ ਸਕਦੇ ਹਨ।

ਪੇਟ ਯਾਨਿ ਸਟੋਮੇਕ ਜੋ ਉਪਰਲੀਆਂ ਪੱਸਲੀਆਂ ਦੇ ਹੇਠਾਂ ਪੇਲਵਿਕ ਹੱਡੀ ਅਤੇ ਹਰ ਪਾਸਿਓਂ ਕੰਧ ਨਾਲ ਬਣਿਆ ਹੋਇਆ ਹੈ। ਹਾਲਾਂਕਿ ਪੇਟ ਵਿਚ ਦਰਦ ਪੇਟ ਦੀ ਕੰਧ ਦੇ ਟਿਸ਼ੂਆਂ ਤੋਂ ਪੈਦਾ ਹੋ ਸਕਦਾ ਹੈ, ਜੋ ਪੇਟ ਦੀਆਂ ਗੁਫਾਵਾਂ ਨੂੰ ਘੇਰਦੇ ਹਨ। ਦਰਦ ਦੀ ਹਾਲਤ ਵਿਚ ਪੇਟ ਦੇ ਅੰਦਰਲੇ ਅੰਗ- ਛੋਟੀ ਆਂਤੜੀ, ਕੋਲਨ, ਜਿਗਰ, ਥੈਲੀ ਅਤੇ ਪੈਨਕ੍ਰੀਆਸ ਸ਼ਾਮਲ ਹੁੰਦੇ ਹਨ। ਕਈ ਬਾਰ ਮਹਿਸੂਸ ਕੀਤਾ ਜਾ ਸਕਦਾ ਹੈ ਭਾਂਵੇ ਇਹ ਅੰਗਾਂ ਤੋਂ ਪੈਦਾ ਹੁੰਦਾ ਹੈ ਜੋ ਪੇਟ ਦੀਆਂ ਗੁਫਾਵਾਂ ਦੇ ਅੰਦਰ ਨਹੀਂ ਹੁੰਦੇ, ਉਦਾਹਰਣ ਵੱਜੋਂ ਹੇਠਲੇ ਫੇਫੜੇ, ਗੁਰਦੇ ਅਤੇ ਬੱਚੇਦਾਨੀ ਦੇ ਕਿਸਮ ਦੀ ਦਰਦ ਨੂੰ ਰੇਫਰਡ ਦਰਦ ਵੀ ਕਿਹਾ ਜਾਂਦਾ ਹੈ। ਇਹ ਦਰਦ ਪੇਟ ਦੇ ਅੰਦਰ ਤੇ ਬਾਹਰ ਮਹਿਸੂਸ ਕੀਤਾ ਜਾ ਸਕਦਾ ਹੈ।

ਪੇਟ ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਣ, ਅਤੇ ਘੱਟ ਜਾਂ ਤੇਜ਼ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜਿਆਦਾ ਸਮੇ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ ਅਤੇ ਗਰਭਵਤੀ ਔਰਤਾਂ ਜਿਆਦਾ ਪ੍ਰੇਸ਼ਾਨ ਹੋ ਜਾਂਦੇ ਹਨ। ਦਰਦ ਵੇਲੇ ਕੁੱਝ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਹੀ ਜਾਂਚ ਬਾਅਦ ਹੀ ਕਾਰਨ ਦਾ ਪਤਾ ਲਗਦਾ ਹੈ।


ਪੇਟ ਅੰਦਰ ਦਰਦ ਖਾਣਾ ਖਾਣ ਤੋਂ ਬਾਅਦ ਬਦਹਜ਼ਮੀ, ਪੇਚਿਸ, ਪੇਟ ਦੇ ਕੀੜੇ, ਪੱਥਰੀ ਦੀ ਸੋਜਸ਼, ਗਰਭ, ਗੈਸ, ਏਸੀਡਿਟੀ, ਅਲਸਰੇਟਿਵ ਕੋਲਾਈਟਸਪੇਟ ਦੀ ਮਾਸਪੇਸ਼ੀਆਂ ਦੀ ਸੱਟ, ਲੜਕੀਆਂ ਨੂੰ ਮਾਹਵਾਰੀ ਦੌਰਾਣ, ਇਨਫੈਕਸ਼ਨ, ਲੈਕਟੋਜ਼ ਦੀ ਅਸਹਿਣਸ਼ੀਲਤਾ, ਕਬਜ਼, ਬਾਸੀ ਭੋਜਨ ਤੇ ਲਗਾਤਾਰ ਜੰਕ ਫੂਡ ਅਤੇ ਨਸ਼ਿਆਂ ਦੀ ਵਰਤੋਂ ਗੰਭੀਰ ਪੇਟ ਦਰਦ ਦੀ ਸ਼ਿਕਾਇਤ ਪੈਦਾ ਕਰ ਦਿੰਦੇ ਹਨ।




ਪੇਟ ਦਰਦ ਦੀ ਹਾਲਤ ਵਿਚ ਵਿਅਕਤੀ ਆਮ ਰੇਮੀਡੀਜ਼ ਵਰਤ ਸਕਦਾ ਹੈ:

- ਭੋਜਨ ਨੂੰ ਪਚਣ ਤੇ ਜਜ਼ਬ ਕਰਨ ਲਈ ਸਰੀਰ ਨੂੰ ਪਾਣੀ ਦੀ ਲੋੜ ਹੁੰਦੀ ਹੈ। ਔਰਤਾਂ ਨੂੰ ਦਿਨ ਵਿਚ 3 ਲੀਟਰ, ਆਦਮੀ ਨੂੰ 4 ਲੀਟਰ, ਅਤੇ ਛੋਟੇ ਬਚਿਆਂ ਨੂੰ 1-2 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਪੇਟ ਦੇ ਰੋਗਾਂ ਵਿਚ ਘੱਟ ਗਰਮ ਪਾਣੀ ਨਿੰਬੂ ਰਸ ਮਿਲਾ ਕੇ ਵੀ ਪੀ ਸਕਦੇ ਹੋ।
- ਪੇਟ ਦੇ ਰੋਗੀਆਂ ਨੂੰ ਦਿਨ ਦੇ ਸਮੇ ਘੱਟ ਸੌਣਾ ਚਾਹੀਦਾ ਹੈ। ਪੇਟ ਅੰਦਰ ਏਸਿਡ ਪਿੱਛੇ ਅਤੇ ਛਾਤੀ ਵੱਲ ਵਧਣ ਦੀ ਸੰਭਾਵਨਾ ਹੁੰਦੀ ਹੈ। ਅਗਰ ਲੇਟਣਾ ਪਵੇ ਤਾਂ ਸਿਰ ਤੇ ਗਰਦਨ ਹੇਠਾਂ 30 ਡਿਗਰੀ ਤੇ' ਪਿਲੋ ਇਸਤੇਮਾਲ ਕਰਨਾ ਚਾਹੀਦਾ ਹੈ।
- ਪੇਟ ਦਰਦ ਦੇ ਸ਼ਿਕਾਰ ਤਾਜ਼ੇ ਪੁਦੀਨਾ ਪੱਤਾ-12, ਛੋਟੀ ਇਲਾਚੀ-2, ਮੋਟੀ ਸੌਂਫ- 1 ਚੁਟਕੀ, 1-ਕੱਪ ਪਾਣੀ ਵਿਚ ਉਬਾਲੋ, ਅੱਧਾ ਰਹਿ ਜਾਣ ਤੇ' ਭੋਜਨ ਤੋਂ 15 ਮਿਨਟ ਪਹਿਲਾਂ ਸਵੇਰੇ-ਸ਼ਾਮ ਇਸਤੇਮਾਲ ਕਰਨ ਨਾਲ ਆਰਾਮ ਮਿਲਦਾ ਹੈ।
- ਪੁਦੀਨੇ ਵਿਚ ਮੌਜ਼ੂਦ ਰਸਾਇਣ ਆਂਤੜੀ ਅੰਦਰ ਮਾਸਪੇਸ਼ੀ ਸਪਾਜ਼ਮ ਘਟਾ ਕੇ ਬਦਹਜ਼ਮੀ, ਗੈਸ, ਉਲਟੀਆਂ, ਦਸਤ, ਘਬਰਾਹਟ, ਦੀ ਹਾਲਤ ਵਿਚ ਰਾਤ ਦਿੰਦਾ ਹੈ। ਚਾਹ ਦੇ ਸ਼ੌਕੀਨ ਚਾਹ ਲਈ ਪੁਦੀਨੇ ਵਾਲੇ ਪਾਣੀ ਸਿਤੇਮਾਲ ਕਰ ਸਕਦੇ ਹਨ।
- ਗਰਮ ਪਾਣੀ ਵਾਲੀ ਰਬੜ ਦੀ ਬੋਤਲ ਜਾਂ ਹੀਟਿੰਗ ਪੈਡ ਟੈਨਸ ਮਾਸਪੇਸ਼ੀਆਂ ਨੂੰ ਲਚੀਲਾ ਕਰਦੇ ਹਨ। ਦਿਨ ਚ' 2 ਬਾਰ ਬੈਗ ਜਾਂ ਹੀਟ ਪੈਡ ਨੂੰ ਪੇਟ 'ਤੇ ਉਦੋਂ ਤੱਕ ਰੱਖੋ ਜੱਦ ਤਕ ਪਾਣੀ ਠੰਡਾ ਨਾ ਹੋ ਜਾਵੇ। ਕਦੇ-ਕਦੇ ਇਹ ਕ੍ਰਿਆ ਛੇਤੀ ਆਰਾਮ ਵੀ ਦੇ ਸਕਦੀ ਹੈ।
- ਪੇਟ ਦੀ ਸਮੱਸਿਆ ਵਿਚ ਤਾਜ਼ੇ ਅਦਰਕ ਦਾ ਰਸ ਅੱਧਾ ਚਮਚ, ਸ਼ਹਿਦ 1 ਚਮਚ, ਦਿਨ ਵਿਚ 2 ਬਾਰ ਲੈ ਕੇ ਗਰਮ ਪਾਣੀ ਜਾਂ ਚਾਹ ਪੀ ਕੇ ਆਰਾਮ ਮਹਿਸੂਸ ਕਰੋ। ਖਾਣੇ ਨਾਲ ਸਲਾਦ ਵਿਚ ਤਾਜ਼ਾ ਅਦਰਕ ਖਾਓ।
- ਪੇਟ ਦਰਦ ਤੇ ਦਸਤ ਦੀ ਹਾਲਤ ਵਿਚ ਆਪਣੀ ਖੁਰਾਕ ਵਿਚ ਬ੍ਰੈਡ-ਟੋਸਟ, ਦਹੀਂ, ਕੇਲਾ, ਚਾਵਲ, ਪਪੀਤਾ, ਨਮਕੀਨ ਨਿੰਬੂ ਪਾਣੀ ਅਤੇ ਜਿੰਜਰ ਵਾਲੇ ਪਾਣੀ ਨੂੰ ਸ਼ਾਮਿਲ ਕਰਨ ਨਾਲ ਆਰਾਮ ਮਿਲਦਾ ਹੈ।
- ਤੰਦਰੁਸਤੀ ਤੇ ਰੂਟੀਨ ਨੂੰ ਸੁਖਾਂਵਾ ਬਣਾਉਣ ਲਈ ਰਾਤ ਦੇ ਸਮੇ ਹਲਕਾ ਭੋਜਨ ਕਰੋ। ਮਸਾਲੇਦਾਰ ਚਟਪਟੇ ਜੰਕ ਫੂਡ ਲੈਣ ਦੀ ਆਦਤ ਛੱਡ ਦਿਓ।
- ਪੇਟ ਦੇ ਰੋਗੀ ਰੋਜ਼ਾਨਾ ਅੱਧਾ ਘੰਟਾ ਸੈਰ, ਕਸਰਤ ਕਰਨ ਨਾਲ ਆਰਾਮ ਮਹਿਸੂਸ ਕਰਨਗੇ। ਦੇਰ ਰਾਤ ਜਾਗਣਾ ਬੀਮਾਰੀ ਨੂੰ ਸੱਦਾ ਦੇਣ ਵਾਲੀ ਗੱਲ ਹੋ ਜਾਂਦੀ ਹੈ।
- ਜ਼ਿਆਦਾ ਸ਼ਰਾਬ, ਤੰਬਾਕੂਨੋਸ਼ੀ ਗਲੇ ਅਤੇ ਪੇਟ ਅੰਦਰ ਜਲਨ ਪੈਦਾ ਕਰਕੇ ਮੁਸ਼ਕਿਲਾਂ ਵਧਾ ਦਿੰਦੀ ਹੈ। ਜਿਗਰ ਅਤੇ ਪੇਟ ਦੇ ਅੰਦਰਲੀ ਪਰਤ ਨੂੰ ਡੈਮੇਜ ਕਰ ਸਕਦੀ ਹੈ। ਇਹਨਾਂ ਦੀ ਵਰਤੋਂ ਤੋਂ ਹਮੇਸ਼ਾ ਬਚੋ।

**ਨੋਟ :** ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਅੰਦਰ ਪੇਟ ਦਰਦ ਦੇ ਲੱਛਣ ਲੰਮੇ ਸਮੇਂ ਤੱਕ ਰਹਿਣ ਦੀ ਹਾਲਤ ਵਿਚ ਬਿਨਾ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਇਲਾਜ ਕਰਾਉਣਾ ਚਾਹੀਦਾ ਹੈ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)




## BEST FOODS FOR UPSET STOMACH
















### -ਅੰਤਰਾਸ਼ਟਰੀ ਬਜ਼ੁਰਗ ਦਿਵਸ 1 ਅਕਤੂਬਰ ਤੇ ਵਿਸ਼ੇਸ਼-

# ਚੇਤੰਨਤਾ ਨਾਲ ਬੁਢਾਪਾ ਵੀ ਖੁਸ਼ਹਾਲ ਰਹਿ ਸਕਦਾ ਹੈ







ਜਸਵਿੰਦਰ ਸਿੰਘ ਰੁਪਾਲ
9814715796

ਜੀਵਨ-ਯਾਤਰਾ ਦਾ ਅਖੀਰਲਾ ਸਫਰ ਜਿੱਥੇ ਬਹੁਤ ਸਾਰੀਆ ਚੁਣੌਤੀਆਂ ਭਰਪੂਰ ਹੁੰਦਾ ਹੈ, ਉੱਥੇ ਇੱਕ ਵੱਖਰੇ ਰੰਗ ਦਾ, ਵੱਖਰੇ ਅੰਦਾਜ ਦਾ ਵੀ ਹੁੰਦਾ ਹੈ। ਆਮ ਤੌਰ ਤੇ 60 ਜਾਂ 65 ਸਾਲ ਤੋਂ ਆਰੰਭ ਹੋਇਆ ਇਹ ਸਫਰ "ਇੱਕ ਲੰਮੀ ਗੂੜ੍ਹੀ ਨੀਂਦ" ਤੇ ਆਣ ਕੇ ਖਤਮ ਹੁੰਦਾ ਹੈ।

ਜਿਥੇ ਕੁਝ ਭਾਗਾਂ ਵਾਲੇ ਇਸ ਸਫਰ ਦਾ ਆਨੰਦ ਵੀ ਮਾਣਦੇ ਹਨ, ਪਰ ਬਹੁ-ਗਿਣਤੀ ਇਸ ਸਮੇਂ ਦੁੱਖਾਂ, ਤਕਲੀਫਾਂ, ਉਦਾਸੀਆਂ, ਸ਼ਿਕਵੇ-ਸ਼ਿਕਾਇਤਾਂ ਅਤੇ ਬੇਚਾਰਗੀ ਵਿੱਚ ਇਸ ਸਫਰ ਨੂੰ ਰੋ ਰੋ ਕੱਟਦੇ ਹਨ। ਹਰ ਸਾਲ ਅਕਤੂਬਰ ਮਹੀਨੇ ਦਾ ਪਹਿਲਾ ਦਿਨ (1 ਅਕਤੂਬਰ) ਇਸ ਸਫਰ ਦੇ ਪਾਂਧੀਆਂ ਨੂੰ ਸਮਰਪਿਤ ਕੀਤਾ ਗਿਆ ਹੈ। ਸਭ ਤੋਂ ਪਹਿਲਾਂ ਇਸ ਅੰਤਰ-ਰਾਸ਼ਟਰੀ ਦਿਵਸ ਬਾਰੇ ਜਾਣੀਏ.... ਸੰਯੁਕਤ ਰਾਸ਼ਟਰ ਇਸ ਦਿਨ ਸਾਰੇ ਰਾਸ਼ਟਰਾਂ ਨੂੰ ਬਜ਼ੁਰਗ ਵਿਅਕਤੀਆਂ ਅਤੇ ਬੁਢਾਪੇ ਪ੍ਰਤੀ ਪੈਦਾ ਹੋਈਆਂ ਗਲਤ-ਮਾਨਤਾਵਾਂ ਪ੍ਰਤੀ ਧਿਆਨ ਦਿਵਾਉਣ, ਇਹਨਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ, ਇਹਨਾਂ ਨੂੰ ਪੇਸ਼ ਵੱਖ ਵੱਖ ਚੁਣੌਤੀਆਂ ਦਾ ਸਾਹਮਣਾ ਕਰਨ, ਅਤੇ ਬਜ਼ੁਰਗ ਵਿਅਕਤੀਆਂ ਨੂੰ ਆਪਣੀ ਸਮਰੱਥਾ ਅਤੇ ਅਧਿਕਾਰਾਂ ਬਾਰੇ ਜਾਗ੍ਰਤ ਕਰਨ ਲਈ ਇਹ ਦਿਨ ਮਨਾਉਂਦਾ ਹੈ। 14 ਦਸੰਬਰ 1990 ਨੂੰ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਆਪਣੇ ਮਤੇ ਰਾਹੀਂ 1 ਅਕਤੂਬਰ ਦੇ ਦਿਨ ਨੂੰ ਬਜ਼ੁਰਗਾਂ ਦੇ ਦਿਨ ਵਜੋਂ ਐਲਾਨ ਕੀਤਾ ਸੀ। ਇਹ ਵੀਆਨਾ ਦੇ ਬੁਢਾਪੇ ਬਾਰੇ ਅੰਤਰਰਾਸ਼ਟਰੀ ਐਕਸ਼ਨ ਪਲੈਨ ਦੇ ਸਿੱਟੇ ਵਜੋਂ ਸੀ, ਜਿਸ ਨੂੰ ਬੁਢਾਪੇ ਬਾਰੇ ਬਣੀ ਵਿਸ਼ਵ-ਅਸੈਂਬਲੀ ਨੇ 1982 ਵਿੱਚ ਸਵੀਕਾਰ ਕਰ ਲਿਆ ਸੀ ਅਤੇ ਬਾਅਦ ਵਿੱਚ ਯੂ.ਐਨ.ਦੀ ਜਨਰਲ ਅਸੈਂਬਲੀ ਨੇ ਵੀ ਇਸਦੀ ਪ੍ਰੋੜਤਾ ਕਰ ਦਿੱਤੀ ਸੀ।

ਪਿਛਲੇ ਦਹਾਕਿਆਂ ਵਿੱਚ ਵਿਸ਼ਵ-ਜਨਸੰਖਿਆ ਦੀ ਬਣਤਰ ਵਿੱਚ ਵੱਡੀ ਤਬਦੀਲੀ ਆਈ ਹੈ। ਔਸਤ ਉਮਰ ਵੱਧ ਕੇ 75 ਸਾਲ ਹੋਈ ਹੈ। 2021 ਵਿੱਚ ਵਿਸ਼ਵ ਦੇ 65 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ ਗਿਣਤੀ 761 ਮਿਲੀਅਨ ਸੀ, ਜੋ ਕਿ ਇੱਕ ਅਨੁਮਾਨ ਅਨੁਸਾਰ 2050 ਤੱਕ ਇਹ ਲੱਗਭੱਗ 1.5 ਬਿਲੀਅਨ ਤੋਂ ਵੱਧ (ਦੁੱਗਣੇ ਤੋਂ ਵੀ ਵੱਧ), ਹੋ ਜਾਵੇਗੀ। ਤ੍ਰਾਸਦੀ ਇਹ ਵੀ ਕਿ ਇਸ ਦੀ ਦੋ-ਤਿਹਾਈ ਤੋਂ ਵੀ ਵੱਧ (1.1 ਬਿਲੀਅਨ) ਘੱਟ-ਵਿਕਸਿਤ ਅਤੇ ਅਵਿਕਸਿਤ ਦੇਸ਼ਾਂ ਵਿੱਚ ਹੋਏਗੀ। ਇਸ ਤਰਾਂ ਵਿਸਵ-ਜਨਸੰਖਿਆ ਦਾ ਵੱਡਾ ਹਿੱਸਾ ਸਾਡੇ ਸਭ ਦਾ ਧਿਆਨ ਮੰਗਦਾ ਹੈ। ਸਾਨੂੰ ਬਜ਼ੁਰਗ ਵਿਅਕਤੀਆਂ ਲਈ ਇਹ ਦਿਨ ਇਸ ਲਈ ਮਨਾਉਣਾ ਚਾਹੀਦਾ ਹੈ ਕਿਉਂਕਿ ਪਹਿਲੀ ਗੱਲ ਉਹ ਸਭ ਸਾਡੇ ਸਤਿਕਾਰ ਦੇ ਪਾਤਰ ਹਨ। ਦੂਜੀ, ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸਿੱਖਿਅਤ ਕਰਨਾ ਚਾਹੁੰਦੇ ਹਾਂ ਅਤੇ ਤੀਸਰੀ ਇਹ ਕਿ ਅਸੀਂ ਸਭ ਕੁਝ ਨਹੀਂ ਜਾਣਦੇ ਜਦਕਿ ਉਹਨਾਂ ਕੋਲ ਜੀਵਨ-ਤਜਰਬੇ ਦਾ ਵੱਡਾ ਖਜਾਨਾ ਹੈ। ਸੰਯੁਕਤ ਰਾਸ਼ਟਰ ਹਰ ਸਾਲ ਇਸ ਦਿਨ ਨੂੰ ਮਨਾਉਣ ਲਈ ਇੱਕ ਥੀਮ (ਉਦੇਸ਼) ਦਿੰਦਾ ਹੈ,ਸਾਰੀਆਂ ਗਤੀਵਿਧੀਆਂ ਇਸ ਥੀਮ ਤੇ ਹੀ ਕੇਂਦਰਿਤ ਹੁੰਦੀਆਂ ਹਨ।

2024 ਦਾ ਥੀਮ ਹੈ : **Ageing with Dignity: The Importance of Strengthening Care and Support Systems for Older Persons Worldwide**

ਭਾਵ ਬੁਢਾਪਾ ਮਾਣ ਨਾਲ -ਸੰਸਾਰ ਭਰ ਵਿਚ ਬਜ਼ੁਰਗਾਂ ਦਾ ਧਿਆਨ ਰੱਖਣ ਅਤੇ ਆਸਰਾ ਦੇਣ ਦੇ ਪ੍ਰਬੰਧ ਦੀ ਮਹੱਤਤਾ।

ਯੂ ਐਨ ਓ ਵਲੋਂ 7 ਅਕਤੂਬਰ 2024 ਨੂੰ ਇਸ ਦਿਨ ਲਈ ਬਜ਼ੁਰਗਾਂ ਦੇ ਮਾਣ ਵਿਚ ਇੱਕ ਡਾਕ ਟਿਕਟ ਜਾਰੀ ਕੀਤਾ ਜਾਵੇਗਾ।

"ਤੰਦਰੁਸਤ ਬੁਢਾਪੇ ਦੇ ਦਹਾਕੇ" ਵਜੋਂ 2021-30 ਦਾ ਦਹਾਕਾ ਸਰਕਾਰਾਂ, ਸਿਵਲ ਸੁਸਾਇਟੀਆਂ, ਅੰਤਰਰਾਸ਼ਟਰੀ ਸੰਸਥਾਵਾਂ, ਵਿਸ਼ਾ ਮਾਹਿਰ, ਵਿੱਦਿਅਕ ਅਦਾਰੇ, ਮੀਡੀਆ ਅਤੇ ਨਿਜੀ ਖੇਤਰ ਨੂੰ ਬਜੁਰਗ ਵਿਅਕਤੀਆਂ ਦੀਆਂ ਜਿੰਦਗੀਆਂ ਨੂੰ ਹੋਰ ਸੋਹਣਾ ਬਣਾਉਣ ਲਈ ਵਿਸਲੇਸ਼ਕ-ਪਹੁੰਚ ਨਾਲ ਇੱਕ ਸਾਂਝੇ ਮੰਚ ਤੇ ਲਿਆਉਣ ਲਈ ਇੱਕ ਸੁਨਹਿਰੀ ਮੌਕੇ ਵਜੋਂ ਜਾਣਿਆ ਜਾਏਗਾ। ਹੁਣ ਕੁਝ ਵਿਚਾਰ ਸਾਡੇ ਅਪਣੇ ਦੇਸ਼ ਦੇ ਬਜੁਰਗਾਂ ਬਾਰੇ। ਇਹਨਾਂ ਦੇ ਸਾਹਮਣੇ ਮੁੱਖ ਮਸਲੇ ਹਨ- ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਲੋੜ ਬਣਦਾ ਸਤਿਕਾਰ ਮਿਲਣ ਦੀ ਹੈ। ਕਦੇ ਘਰ ਵਿਚ ਬਜ਼ੁਰਗਾਂ ਦੀ ਹਰ ਗੱਲ ਤੇ ਫੁੱਲ ਚੜ੍ਹਾਏ ਜਾਂਦੇ ਸਨ। ਹਰ ਇਕ ਕੰਮ ਉਹਨਾਂ ਦੀ ਇੱਛਾ ਅਨੁਸਾਰ ਹੁੰਦਾ ਸੀ। ਹਰੇਕ ਮਸਲੇ ਤੇ ਉਹਨਾਂ ਦੀ ਰਾਇ ਲਈ ਜਾਂਦੀ ਸੀ। ਪਰ ਹੁਣ ਵਿਦਿਆ ਦੇ ਪਸਾਰ, ਵਿਗਿਆਨ ਅਤੇ ਤਕਨਾਲੋਜੀ ਦੇ ਘੇਰੇ ਵਿਚ ਆਈ ਨੌਜਵਾਨ ਪੀੜ੍ਹੀ ਮਸ਼ੀਨਾਂ ਵਿਚ ਵਿਚਰਦਿਆਂ ਆਪ ਵੀ ਮਸ਼ੀਨ ਹੀ ਬਣ ਕੇ ਰਹਿ ਗਈ ਹੈ।

ਗਿਆਨ ਦਾ ਪਸਾਰ ਹੋਇਆ ਹੈ, ਕੰਪਿਊਟਰ ਅਤੇ ਮੋਬਾਈਲ ਨੇ ਹਰ ਕੰਮ ਸੌਖਾ ਬਣਾ ਦਿੱਤਾ ਹੈ। ਇਸ ਗਿਆਨ ਦੇ ਪਸਾਰੇ ਕਾਰਨ ਅਜੋਕੀ ਪੀੜ੍ਹੀ ਨੂੰ ਬਜ਼ੁਰਗਾਂ ਤੋਂ ਪੁੱਛਣ ਦੀ ਲੋੜ ਨਹੀਂ ਪੈਂਦੀ, ਗੂਗਲ ਬਾਬਾ ਉਹਨਾਂ ਦੇ ਸ਼ੰਕੇ ਵਧੇਰੇ ਨਵਿਰਤ ਕਰ ਦਿੰਦਾ ਹੈ। ਹਰ ਵਿਸ਼ੇ ਦੇ ਮਾਹਰੁ ਮਿਲ ਜਾਂਦੇ ਹਨ ਅਤੇ ਇਸ ਯੁੱਗ ਵਿਚ ਕੋਈ ਵੀ ਗੱਲ ਕਰਨ ਤੋਂ, ਪੁੱਛਣ ਤੋਂ ਜਾਂ ਮਨੋਵਿਗਿਆਨਕ ਅਗਵਾਈ ਲੈਣ ਨੂੰ ਠੀਕ ਮੰਨਿਆ ਜਾਣ ਲੱਗਿਆ ਹੈ। ਬਜ਼ੁਰਗਾਂ ਦੇ ਲੰਮੇ ਸਾਲਾਂ ਦੇ ਤਜਰਬੇ ਬਹੁਤੇ ਲਾਭਕਾਰੀ ਨਹੀਂ ਹੋ ਰਹੇ। ਸਾਡੀਆਂ ਲੋੜਾਂ, ਰੁਚੀਆਂ, ਪਸੰਦਾਂ,ਪਹਿਲਾਂ ਸਭ ਕੁਝ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ। ਖਾਣ ਪੀਣ,ਪਹਿਨਣ,ਰਹਿਣ ਸਹਿਣ ਦੇ ਢੰਗ ਤਰੀਕੇ, ਸਾਡੇ ਸੰਬੰਧੀਆਂ ਨਾਲ ਵਰਤ ਵਿਵਹਾਰ ਹਰ ਛੋਟੀ ਤੋਂ ਛੋਟੀ ਗੱਲ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ। ਬਜ਼ੁਰਗ ਕਈ ਵਾਰ ਆਪਣੇ ਆਪ ਨੂੰ ਬੇਲੋੜਾ ਜਿਹਾ ਸਮਝਣ ਲੱਗ ਪੈਂਦੇ ਹਨ, ਕਿਉਂਕਿ ਮਸ਼ੀਨੀਕਰਣ ਵਿਚ ਉਹ ਆਪ ਬਹੁਤਾ ਕੁਝ ਕਰ ਨਹੀਂ ਸਕਦੇ ਅਤੇ ਬੱਚਿਆਂ ਨੂੰ ਬਹੁਤੀ ਸਲਾਹ ਮਸ਼ਵਰਾ ਵੀ ਨਹੀਂ ਦੇ ਸਕਦੇ। ਅਜਿਹੀ ਹਾਲਤ ਵਿਚ ਨੌਜਵਾਨਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸਿਰਫ ਲੋੜ ਲਈ ਹੀ ਸਤਿਕਾਰ ਨਹੀਂ ਹੁੰਦਾ। ਉਹਨਾਂ ਨੂੰ ਜਿਸ ਤਰਾਂ ਵੀ ਉਹ ਹਨ, ਉਸ ਵੱਡੀ ਕੁਰਬਾਨੀ ਲਈ ਜਿਹੜੀ ਉਹਨਾਂ ਬੱਚਿਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਕਰਨ ਜੋਗਾ ਬਣਾਉਣ ਲਈ ਕੀਤੀ ਹੈ, ਉਹ ਸਾਡੇ ਦਿਲੋਂ ਸਤਿਕਾਰ ਦੇ ਪਾਤਰ ਹਨ।


ਦੂਜੀ ਵੱਡੀ ਸਮੱਸਿਆ ਸਮਾਂ ਗੁਜ਼ਾਰਨ ਦੀ ਹੈ। ਪੁਰਾਣੇ ਸਮੇਂ ਵਾਂਗ ਸੱਥਾਂ ਵਿਚ ਬੈਠਣ ਦਾ ਰਿਵਾਜ ਨਹੀਂ ਰਿਹਾ। ਟੀਵੀ ਨੇ ਅਤੇ ਹੋਰ ਸੁਖ ਸਹੂਲਤਾਂ ਨੇ ਸਾਨੂੰ ਘਰ ਦੇ ਅੰਦਰ ਹੀ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਅਜਿਹੇ ਵਿਚ ਇਹ ਬਹੁਤ ਜਰੂਰੀ ਹੈ ਕਿ ਬਜ਼ੁਰਗਾਂ ਕੋਲ ਕੋਈ ਆਪਣਾ ਰੁਝੇਵਾਂ ਜ਼ਰੂਰ ਹੋਵੇ। ਇਹ ਰੁਝੇਵਾਂ ਉਹ ਆਪਣੇ ਸ਼ੌਕ ਮੁਤਾਬਕ ਰੱਖ ਸਕਦੇ ਹਨ। ਪੜ੍ਹੇ ਲਿਖੇ ਲੋਕ ਕਿਤਾਬਾਂ ਨਾਲ, ਲਾਇਬ੍ਰੇਰੀਆਂ ਨਾਲ, ਸੰਗੀਤ ਕਲੱਬਾਂ ਨਾਲ ਜੁੜ ਸਕਦੇ ਹਨ। ਕੁਝ ਸਮਾਂ ਉਹ ਆਪਣੇ ਧਾਰਮਿਕ ਅਕੀਦੇ ਅਨੁਸਾਰ ਵੀ ਖਰਚ ਕਰ ਸਕਦੇ ਹਨ। ਪਰ ਇਹ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਹੁਣ ਹੋਰ ਲੋਕਾਂ ਤੇ ਚਰਚਾ ਕਰਨੀ ਸੁਖਾਵੀਂ ਨਹੀਂ ਹੈ। ਇਸ ਵਿਚ ਬਿਲਕੁਲ ਵੀ ਸਮਾਂ ਖਰਚ ਨਹੀਂ ਕਰਨਾ ਚਾਹੀਦਾ। ਸਿਹਤ ਪ੍ਰਤੀ ਜਾਗਰੂਕ ਹੋਣਾ ਉਹਨਾਂ ਲਈ ਬਹੁਤ ਜਰੂਰੀ ਹੈ। ਖ਼ੁਦ ਵੱਲ ਧਿਆਨ ਦੇਣਾ ਹੀ ਉਹਨਾਂ ਨੂੰ ਠੀਕ ਹਾਲਤ ਵਿਚ ਰੱਖ ਸਕਦਾ ਹੈ। ਸੰਤਾਂ ਨੂੰ ਪਿਆਰ ਕਰਨਾ ਠੀਕ ਹੈ, ਪਰ ਬੱਚਿਆਂ ਦੇ ਸ਼ੌਕ ਖਾਤਰ ਆਪਣੀ ਸਿਹਤ ਨੂੰ ਦਾਅ ਤੇ ਲਗਾਉਣਾ ਕਿਸੇ ਤਰਾਂ ਵੀ ਜਾਇਜ਼ ਨਹੀਂ ਹੈ। ਇਸ ਸਮੇਂ ਜਿਥੇ ਆਪਣੀ ਕੀਤੀ ਬੱਚਤ ਨੂੰ ਆਪਣੇ ਤੇ ਖਰਚ ਕਰਨਾ ਜਰੂਰੀ ਹੈ, ਉਥੇ ਆਪਣੀਆਂ ਲੋੜਾਂ, ਅਤੇ ਰੁਚੀਆਂ ਲਈ ਬੱਚਿਆਂ ਤੋਂ ਖਰਚ ਕਰਵਾਉਣਾ ਵੀ ਗਲਤ ਨਹੀਂ ਹੈ। ਬਹੁਤੀ ਵੇਰ ਸ਼ਾਡੇ ਬਜੁਰਗਾਂ ਨੇ ਆਪਣੇ ਬੁਢਾਪੇ ਲਈ ਕੁਝ ਵੀ ਬੱਚਤ ਨਹੀਂ ਕੀਤੀ ਹੁੰਦੀ। ਉਹ ਆਪਣੀ ਜਾਇਦਾਦ ਆਪਣੇ ਬੱਚਿਆਂ ਵਿੱਚ ਵੰਡ ਕੇ ਖੁਸ਼ ਹੁੰਦੇ ਹਨ। ਇਸੇ ਲਈ ਉਹ ਪੁੱਤਰਾਂ ਅਤੇ ਨੂੰਹਾਂ ਤੋਂ ਸੇਵਾ ਅਤੇ ਸਤਿਕਾਰ ਦੀ ਉਮੀਦ ਰੱਖਦੇ ਹਨ। ਇਹ ਨਾ ਮਿਲਣ ਤੇ ਉਦਾਸ ਉਤੇ ਨਿਰਾਸ਼ ਹੁੰਦੇ ਹਨ। ਮੈਡੀਕਲ ਬੀਮਾ ਕਰਵਾਉਣਾ ਨਾ ਤਾਂ ਸਰਕਾਰ ਵੱਲੋਂ ਜਰੂਰੀ ਹੈ, ਨਾ ਹੀ ਇਹ ਬਜੁਰਗ ਆਪ ਇਸ ਦੀ ਮਹੱਤਤਾ ਪ੍ਰਤੀ ਸੁਚੇਤ ਹਨ। ਜਿਸ ਕਰਕੇ ਬੱਚਤ ਨਾ ਹੋਣ ਕਰੇ ਉਹ ਮਹਿੰਗੇ ਇਲਾਜ ਕਰਵਾਉਣ ਤੋਂ ਬਾਂਝੇ ਰਹਿ ਜਾਂਦੇ ਹਨ, ਕਿਉਂਕਿ ਬੱਚਿਆਂ ਨੇ ਪੈਸੇ ਨੂੰ ਆਪਣੀਆਂ ਲੋੜਾਂ ਅਤੇ ਰੁਚੀਆਂ ਅਨੁਸਾਰ ਖਰਚਣਾ ਹੁੰਦਾ ਹੈ।

ਸਾਡੇ ਕਰਨ ਯੋਗ ਉਪਾਅ:- ਬਜੁਰਗ ਸਾਡਾ ਬਹੁਤ ਕੀਮਤੀ ਸਰਮਾਇਆ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਉਹਨਾਂ ਦੀ ਤੰਦਰੁਸਤੀ ਅਤੇ ਖੁਸ਼ੀ ਲਈ ਯਤਨ ਕਰਨੇ ਚਾਹੀਦੇ ਹਨ। ਹਰ ਨੌਜਵਾਨ ਨੂੰ -

ਉਹਨਾਂ ਦੇ ਖਾਣ-ਪੀਣ ਅਤੇ ਸਿਹਤ ਦਾ ਪੂਰਾ ਖਿਆਲ ਰੱਖਣਾ ਚਾਹੀਦਾ ਹੈ। ਸਮੇਂ ਸਮੇਂ ਤੇ ਮੈਡੀਕਲ ਚੈਕ ਅਪ ਕਰਵਾਉਂਦੇ ਰਹਿਣਾ ਚਾਹੀਦਾ ਹੈ। ਉਹਨਾਂ ਦੇ ਕੱਪੜੇ, ਉਹਨਾਂ ਦੇ ਕਮਰੇ ਆਦਿ ਵੱਲ ਉਚੇਚਾ ਧਿਆਨ ਦੇਣ ਦੀ ਜਰੂਰਤ ਹੈ।

ਉਹ ਘਰ ਦੇ ਕਿਸੇ ਕੋਨੇ ਵਿੱਚ ਨਾ ਰਹਿਣ ਸਗੋਂ ਮੁੱਖ ਕਮਰੇ ਵਿੱਚ ਹੋਣ ਅਤੇ ਹਰ ਮਹਿਮਾਨ ਉਹਨਾਂ ਨੂੰ ਬਣਦਾ ਸਤਿਕਾਰ ਦੇਵੇ। ਬਜੁਰਗਾਂ ਨੂੰ ਸੁਣਨਾ ਚਾਹੀਦਾ ਹੈ। ਆਪਣਾ ਸਮਾਂ ਉਹਨਾਂ ਨੂੰ ਦੇਣਾ ਚਾਹੀਦਾ ਹੈ। ਉਹਨਾਂ ਦੀ ਰਾਏ ਲਈ ਜਾਣੀ ਚਾਹੀਦੀ ਹੈ। ਉਹਨਾਂ ਨੂੰ ਪਰਿਵਾਰ ਅਤੇ ਸਮਾਜ ਦੇ ਕੰਮਾਂ ਵਿੱਚ ਭਰਪੂਰ ਬਣਦਾ ਸਨਮਾਨ ਅਤੇ ਸਥਾਨ ਦੇਣਾ ਚਾਹੀਦਾ ਹੈ। ਉਹਨਾਂ ਦੀ ਰੁਚੀ ਅਨੁਸਾਰ ਜਿਸ ਵੀ ਚੀਜ ਨੂੰ ਪਸੰਦ ਕਰਦੇ ਹਨ, ਉਸ ਤੇ ਖਰਚ ਕਰਨਾ ਚਾਹੀਦਾ ਹੈ ਉਹਨਾਂ ਦੇ ਟੋਕਣ ਤੋਂ ਇੱਕਦਮ ਗੁੱਸੇ ਨਹੀਂ ਹੋਣਾ ਚਾਹੀਦਾ। ਜਦੋਂ ਉਹਨਾਂ ਨੂੰ ਪੂਰਾ ਮਾਣ-ਸਤਿਕਾਰ ਮਿਲੇਗਾ ਤਾਂ ਉਹ ਵੀ ਬੱਚਿਆਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਣਗੇ ਅਤੇ ਬੇਲੋੜੀ ਟੋਕਾ ਟਾਕੀ ਨਹੀਂ ਕਰਨਗੇ। ਭਾਵੇਂ ਕੁਝ ਬਜੁਰਗ ਬਹੁਤ ਵਧੀਆ ਸਹੂਲਤਾਂ ਵੀ ਮਾਣ ਰਹੇ ਹਨ ਅਤੇ ਬੱਚਿਆ ਤੋਂ ਸਤਿਕਾਰ ਵੀ ਲੈ ਰਹੇ ਹਨ, ਪਰ ਅਜਿਹੇ ਭਾਗਾਂ ਵਾਲ਼ਿਆਂ ਦੀ ਗਿਣਤੀ ਘੱਟ ਹੈ। ਬਹੁਤ ਵਾਰੀ ਅਸੀਂ ਜਾਇਦਾਦ ਦੇ ਝਗੜੇ ਕਾਰਨ ਬਜੁਰਗਾਂ ਨੂੰ ਬੇਇੱਜਤ ਹੁੰਦੇ ਦੇਖਦੇ, ਸੁਣਦੇ, ਪੜ੍ਹਦੇ ਹਾਂ। ਦਿਨੋ ਦਿਨ ਵੱਧ ਰਹੇ ਬਿਰਧ-ਆਸ਼ਰਮ ਇਸ ਗੱਲ ਦਾ ਪ੍ਰਮਾਣ ਹਨ ਕਿ ਨੌਜਵਾਨ ਇਹਨਾਂ ਬਜੁਰਗਾਂ ਦੀ ਲੋੜ ਨਹੀਂ ਸਮਝ ਰਹੇ। ਠੀਕ ਸਮੇਂ ਤੇ ਸੰਭਲਣਾ ਹੀ ਸਿਆਣਪ ਹੋਇਆ ਕਰਦੀ ਹੈ। ਜਿੱਥੇ ਸਰਕਾਰਾਂ ਨੂੰ ਅਜਿਹੀਆਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦੀ ਲੋੜ ਹੈ ਜਿਸ ਨਾਲ ਬੁਢਾਪਾ ਤੰਦਰੁਸਤੀ ਉਤੇ ਖੁਸ਼ਹਾਲੀ ਵਾਲਾ ਹੋਵੇ, ਉੱਥੇ ਸਮਾਜ ਦੇ ਹਰ ਮੈਂਬਰ ਨੂੰ ਇਹਨਾਂ ਹੀਰਿਆਂ ਦੀ ਸੰਭਾਲ ਕਰਨੀ ਚਾਹੀਦੀ ਹੈ। ਇੱਕ ਵਾਰੀ ਇਹ ਬਿਰਤੀ ਪੈਦਾ ਹੋ ਗਈ, ਅਗਲੀਆਂ ਪੀੜ੍ਹੀਆਂ ਨੂੰ ਕੁਝ ਕਹਿਣ ਦੀ ਜਰੂਰਤ ਨਹੀਂ ਪਵੇਗੀ। ਬਜੁਰਗਾਂ ਨੂੰ ਭੌਤਿਕ ਸਹੂਲਤਾਂ , ਪਰਿਵਾਰ ਅਤੇ ਸਮਾਜ ਵਿੱਚ ਪੂਰਾ ਸਤਿਕਾਰ ਦੇ ਕੇ ਹੀ ਇਸ ਅੰਤਰਰਾਸ਼ਟਰੀ ਦਿਵਸ ਨੂੰ ਮਨਾਉਣਾ ਅਸਲ ਵਿੱਚ ਸਫਲ ਮੰਨਿਆ ਜਾਏਗਾ।

## ਤੁਹਾਨੂੰ ਯਾਦ ਹੋਣੀ ਕੋਡਕ ਕੰਪਨੀ...?




ਨਵੇਂ ਡਾਕਟਰ ਵੀ ਕੰਮ ਕਰਨ ਲਈ ਬੈਠੇ ਹਨ। ਵਾਟਸਨ ਸਾਫਟਵੇਅਰ ਕੈਂਸਰ ਅਤੇ ਹੋਰ ਬੀਮਾਰੀਆਂ ਦਾ ਇਨਸਾਨਾਂ ਨਾਲੋਂ 4 ਗੁਣਾ ਜ਼ਿਆਦਾ ਸਹੀ ਤਰੀਕੇ ਨਾਲ ਪਤਾ ਲਗਾ ਸਕਦਾ ਹੈ। ਕੰਪਿਊਟਰ ਇੰਟੈਲੀਜੈਂਸ 2030 ਤੱਕ ਮਨੁੱਖੀ ਬੁੱਧੀ ਨੂੰ ਪਛਾੜ ਦੇਵੇਗੀ। ਅੱਜ ਦੀਆਂ 90% ਕਾਰਾਂ ਅਗਲੇ 20 ਸਾਲਾਂ ਵਿੱਚ ਸੜਕਾਂ 'ਤੇ ਨਹੀਂ ਦਿਖਾਈ ਦੇਣਗੀਆਂ। ਬਚੀਆਂ ਹੋਈਆਂ ਕਾਰਾਂ ਜਾਂ ਤਾਂ ਬਿਜਲੀ ਨਾਲ ਚੱਲਣਗੀਆਂ ਜਾਂ ਹਾਈਬ੍ਰਿਡ ਹੋਣਗੀਆ। ਸੜਕਾਂ ਹੌਲੀ-ਹੌਲੀ ਖਾਲੀ ਹੋ ਜਾਣਗੀਆਂ। ਗੈਸੋਲੀਨ ਦੀ ਖਪਤ ਘੱਟ ਜਾਵੇਗੀ ਅਤੇ ਤੇਲ ਉਤਪਾਦਕ ਅਰਬ ਦੇਸ਼ ਹੌਲੀ-ਹੌਲੀ ਦੀਵਾਲੀਆ ਹੋ ਜਾਣਗੇ।

ਜੇਕਰ ਤੁਸੀਂ ਟੈਕਸੀ ਚਾਹੁੰਦੇ ਹੋ ਤਾਂ ਤੁਹਾਨੂੰ ਉਬੇਰ ਵਰਗੇ ਸਾਫਟਵੇਅਰ ਤੋਂ ਕਾਰ ਦੀ ਮੰਗ ਕਰਨੀ ਪਵੇਗੀ। ਅਤੇ ਜਿਵੇਂ ਹੀ ਤੁਸੀਂ ਕਾਰ ਦੀ ਮੰਗ ਕਰੋਂਗੇ, ਇੱਕ ਪੂਰੀ ਤਰ੍ਹਾਂ ਡਰਾਈਵਰ ਰਹਿਤ ਕਾਰ ਤੁਹਾਡੇ ਦਰਵਾਜ਼ੇ ਦੇ ਸਾਹਮਣੇ ਆ ਕੇ ਖੜ੍ਹੀ ਹੋ ਜਾਵੇਗੀ। ਜੇਕਰ ਤੁਸੀਂ ਇੱਕੋ ਕਾਰ ਵਿੱਚ ਕਈ ਲੋਕਾਂ ਨਾਲ ਸਫ਼ਰ ਕਰਦੇ ਹੋ, ਤਾਂ ਪ੍ਰਤੀ ਵਿਅਕਤੀ ਇੱਕ ਕਾਰ ਦਾ ਕਿਰਾਇਆ ਇੱਕ ਸਾਈਕਲ ਤੋਂ ਘੱਟ ਹੋਵੇਗਾ।

ਬਿਨਾਂ ਡਰਾਈਵਰ ਦੇ ਗੱਡੀ ਚਲਾਉਣ ਨਾਲ ਹਾਦਸਿਆਂ ਦੀ ਗਿਣਤੀ 99% ਤੱਕ ਘੱਟ ਜਾਵੇਗੀ। ਅਤੇ ਇਸ ਕਾਰਨ ਕਾਰ ਬੀਮਾ ਕੰਪਨੀਆਂ ਬੰਦ ਹੋ ਜਾਣਗੀਆ, ਅਤੇ ਕਾਰ ਬੀਮਾ ਕੰਪਨੀਆਂ ਬਿਜਨਸ ਚੋਂ ਬਾਹਰ ਹੋ ਜਾਣਗੀਆਂ।

ਧਰਤੀ 'ਤੇ ਗੱਡੀ ਚਲਾਉਣ ਵਰਗੀਆਂ ਚੀਜ਼ਾਂ ਹੁਣ ਨਹੀਂ ਬਚਣਗੀਆਂ। ਜਦੋਂ 90% ਵਾਹਨ ਸੜਕ ਤੋਂ ਗਾਇਬ ਹੋ ਜਾਣਗੇ ਤਾਂ ਟ੍ਰੈਫਿਕ ਪੁਲਿਸ ਅਤੇ ਪਾਰਕਿੰਗ ਸਟਾਫ ਦੀ ਲੋੜ ਨਹੀਂ ਪਵੇਗੀ।

ਜ਼ਰਾ ਸੋਚੋ, 10 ਸਾਲ ਪਹਿਲਾਂ ਗਲੀਆਂ ਵਿੱਚ ਸ਼ਠਧ ਬੂਥ ਹੁੰਦੇ ਸਨ। ਦੇਸ਼ ਵਿੱਚ ਮੋਬਾਈਲ ਕ੍ਰਾਂਤੀ ਆਉਣ ਤੋਂ ਬਾਅਦ ਇਹ ਸਾਰੇ ਐਸਟੀਡੀ ਬੂਥਾਂ ਨੂੰ ਬੰਦ ਹੋਣ ਲਈ ਮਜਬੂਰ ਹੋਣਾ ਪਿਆ ਸੀ। ਜੋ ਬਚ ਗਏ ਉਹ ਮੋਬਾਈਲ ਰੀਚਾਰਜ ਦੀਆਂ ਦੁਕਾਨਾਂ ਬਣ ਗਏ ਹਨ। ਮੋਬਾਈਲ ਰੀਚਾਰਜ ਵਿੱਚ ਇੱਕ ਵਾਰ ਫਿਰ ਆਨਲਾਈਨ ਕ੍ਰਾਂਤੀ ਆਈ ਤੇ ਲੋਕਾਂ ਨੇ ਘਰ ਬੈਠੇ ਆਪਣੇ ਮੋਬਾਈਲ ਨੂੰ ਆਨਲਾਈਨ ਰੀਚਾਰਜ ਕਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਰੀਚਾਰਜ ਦੀਆਂ ਦੁਕਾਨਾਂ ਨੂੰ ਦੁਬਾਰਾ ਬਦਲਣਾ ਪਿਆ। ਹੁਣ ਇਹ ਸਿਰਫ਼ ਮੋਬਾਈਲ ਫ਼ੋਨ ਹੀ ਖ਼ਰੀਦਣ-ਵੇਚਣ ਅਤੇ ਫੋਨਾਂ ਦੀ ਮੁਰੰਮਤ ਕਰਨ ਦੀਆਂ ਦੁਕਾਨਾਂ ਬਣਕੇ ਰਹਿ ਗਈਆਂ ਹਨ। ਪਰ ਇਹ ਵੀ ਬਹੁਤ ਜਲਦੀ ਬਦਲ ਜਾਵੇਗਾ। ਐਮਾਜ਼ੋਨ, ਫਲਿੱਪਕਾਰਟ ਤੋਂ ਸਿੱਧੇ ਮੋਬਾਈਲ ਫੋਨ ਦੀ ਵਿਕਰੀ ਵਧ ਰਹੀ ਹੈ।

ਪੈਸੇ ਦੀ ਪਰਿਭਾਸ਼ਾ ਵੀ ਬਦਲ ਰਹੀ ਹੈ। ਪਹਿਲਾਂ ਨਕਦੀ ਹੁੰਦੀ ਸੀ ਪਰ ਅੱਜ ਦੇ ਯੁੱਗ ਵਿੱਚ ਇਹ "ਪਲਾਸਟਿਕ ਮਨੀ" ਬਣ ਗਈ ਹੈ। ਕੁਝ ਦਿਨ ਪਹਿਲਾਂ ਕ੍ਰੈਡਿਟ ਕਾਰਡ ਅਤੇ ਡੈਬਿਟ ਕਾਰਡ ਦਾ ਦੌਰ ਸੀ। ਹੁਣ ਉਹ ਵੀ ਬਦਲ ਰਿਹਾ ਹੈ ਅਤੇ ਮੋਬਾਈਲ ਵਾਲੇਟ ਦਾ ਦੌਰ ਆ ਰਿਹਾ ਹੈ। ਪੇਟੀਐਮ ਦਾ ਵਧ ਰਿਹਾ ਬਾਜ਼ਾਰ, ਮੋਬਾਈਲ ਪੈਸੇ ਦੀ ਇੱਕ ਕਲਿੱਕ ਨਾਲ ਤੁਸੀ ਦੁਨੀਆ ਵਿੱਚ ਕਿੱਧਰੇ ਵੀ ਬੈਠੇ ਕਿਸੇ ਦੇ ਵੀ ਖਾਤੇ ਵਿੱਚ ਪਾ ਸਕਦੇ ਹੋ। ਕਰਿਪਟੋ ਕਰੰਸੀ ਵੀ ਬੜੀ ਪਾਪੂਲਰ ਹੋ ਰਹੀ ਹੈ।

ਜੋ ਜ਼ਮਾਨੇ ਦੇ ਨਾਲ ਨਹੀਂ ਬਦਲ ਸਕਦੇ, ਉਮਰ ਉਨ੍ਹਾਂ ਨੂੰ ਧਰਤੀ ਤੋਂ ਦੂਰ ਕਰ ਦਿੰਦੀ ਹੈ। ਇਸ ਲਈ ਸਮੇਂ ਦੇ ਨਾਲ ਬਦਲਦੇ ਰਹੋ।

ਵਧੀਆ ਸਮੱਗਰੀ ਬਣਾਉਂਦੇ ਰਹੋ, ਸਮੇਂ ਦੇ ਨਾਲ ਅੱਗੇ ਵਧਦੇ ਰਹੋ।

ਅੰਗ੍ਰੇਜੀ ਤੋਂ ਪੰਜਾਬੀ ਤਰਜਮਾਂ - ਨੀਟਾ ਮਾਛੀਕੇ

1997 ਵਿੱਚ, ਕੋਡਕ ਦੇ ਲਗਭਗ 160,000 ਕਰਮਚਾਰੀ ਸਨ। ਅਤੇ ਦੁਨੀਆ ਦੀ ਲਗਭਗ 85% ਫੋਟੋਗ੍ਰਾਫੀ ਕੋਡਕ ਕੈਮਰਿਆਂ ਨਾਲ ਕੀਤੀ ਗਈ ਸੀ। ਪਿਛਲੇ ਕੁਝ ਸਾਲਾਂ ਵਿੱਚ ਮੋਬਾਈਲ ਕੈਮਰਿਆਂ ਦੇ ਵਾਧੇ ਦੇ ਨਾਲ, ਕੋਡਕ ਕੈਮਰਾ ਕੰਪਨੀ ਮਾਰਕੀਟ ਤੋਂ ਬਾਹਰ ਹੋ ਗਈ ਹੈ। ਇੱਥੋਂ ਤੱਕ ਕਿ ਕੋਡਕ ਵੀ ਪੂਰੀ ਤਰ੍ਹਾਂ ਦੀਵਾਲੀਆ ਹੋ ਗਿਆ ਅਤੇ ਉਸਦੇ ਸਾਰੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਇਸ ਦੇ ਨਾਲ ਹੀ ਕਈ ਹੋਰ ਮਸ਼ਹੂਰ ਕੰਪਨੀਆਂ ਨੂੰ ਆਪਣੇ ਆਪ ਨੂੰ ਰੋਕਣਾ ਪਿਆ। ਤੁਹਾਨੂੰ ਯਾਦ ਹੋਣਾ-

ਐਚ.ਐਮ.ਟੀ (ਘੜੀ)
ਬਜਾਜ (ਸਕੂਟਰ)
ਡਾਇਨੋਰਾ (ਟੀ.ਵੀ.)
ਮਰਫੀ (ਰੇਡੀਓ)
ਨੋਕੀਆ (ਮੋਬਾਈਲ)
ਰਾਜਦੂਤ (ਬਾਈਕ)
ਅਬੈਂਸਡਰ (ਕਾਰ)

ਉਪਰੋਕਤ ਕਿਸੇ ਵੀ ਕੰਪਨੀ ਦੀ ਗੁਣਵੱਤਾ ਖਰਾਬ ਨਹੀਂ ਸੀ। ਇਹ ਕੰਪਨੀਆਂ ਅਜੇ ਤੱਕ ਬਾਹਰ ਕਿਉਂ ਹਨ? ਕਿਉਂਕਿ ਉਹ ਸਮੇਂ ਦੇ ਨਾਲ ਆਪਣੇ ਆਪ ਨੂੰ ਨਹੀਂ ਬਦਲ ਸਕੇ।

ਮੌਜੂਦਾ ਪਲ ਵਿੱਚ ਖੜ੍ਹੇ ਹੋ ਕੇ ਤੁਸੀਂ ਸ਼ਾਇਦ ਇਹ ਨਹੀਂ ਸੋਚਦੇ ਹੋ ਕਿ ਅਗਲੇ 10 ਸਾਲਾਂ ਵਿੱਚ ਦੁਨੀਆ ਕਿੰਨੀ ਬਦਲ ਸਕਦੀ ਹੈ ! ਅਤੇ ਅੱਜ ਦੀਆਂ 70%-90% ਨੌਕਰੀਆਂ ਅਗਲੇ 10 ਸਾਲਾਂ ਵਿੱਚ ਪੂਰੀ ਤਰ੍ਹਾਂ ਖਤਮ ਹੋ ਜਾਣਗੀਆਂ। ਅਸੀਂ ਹੌਲੀ-ਹੌਲੀ "ਚੌਥੀ ਉਦਯੋਗਿਕ ਕ੍ਰਾਂਤੀ" ਦੇ ਦੌਰ ਵਿੱਚ ਦਾਖਲ ਹੋ ਰਹੇ ਹਾਂ।

ਅੱਜ ਦੀਆਂ ਮਸ਼ਹੂਰ ਕੰਪਨੀਆਂ ਦੇਖੋ- UBER ਸਿਰਫ਼ ਇੱਕ ਸਾਫਟਵੇਅਰ ਨਾਮ ਹੈ। ਉਨ੍ਹਾਂ ਕੋਲ ਆਪਣੀ ਕੋਈ ਕਾਰ ਨਹੀਂ ਹੈ। ਫਿਰ ਵੀ ਅੱਜ ਦੁਨੀਆ ਦੀ ਸਭ ਤੋਂ ਵੱਡੀ ਟੈਕਸੀ-ਫੇਅਰ ਕੰਪਨੀ UBER ਹੈ।

Airbnb ਅੱਜ ਦੁਨੀਆ ਦੀ ਸਭ ਤੋਂ ਵੱਡੀ ਹੋਟਲ ਕੰਪਨੀ ਹੈ। ਪਰ ਮਜ਼ੇਦਾਰ ਗੱਲ ਇਹ ਹੈ ਕਿ ਉਨ੍ਹਾਂ ਕੋਲ ਦੁਨੀਆ ਵਿੱਚ ਇੱਕ ਵੀ ਹੋਟਲ ਨਹੀਂ ਹੈ।


ਇਸੇ ਤਰ੍ਹਾਂ ਪੇਟੀਐਮ, ਓਲਾ ਕੈਬ, ਓਯੋ ਰੂਮ ਆਦਿ ਵਰਗੀਆਂ ਅਣਗਿਣਤ ਕੰਪਨੀਆਂ ਦੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਅੱਜ ਅਮਰੀਕਾ ਵਿੱਚ ਨਵੇਂ ਵਕੀਲਾਂ ਲਈ ਕੋਈ ਕੰਮ ਨਹੀਂ ਹੈ, ਕਿਉਂਕਿ ਆਈ.ਬੀ.ਐਮ ਵਾਟਸਨ ਨਾਮ ਦਾ ਇੱਕ ਕਾਨੂੰਨੀ ਸਾਫਟਵੇਅਰ ਕਿਸੇ ਵੀ ਨਵੇਂ ਵਕੀਲ ਨਾਲੋਂ ਬਹੁਤ ਵਧੀਆ ਵਕਾਲਤ ਕਰ ਸਕਦਾ ਹੈ। ਇਸ ਤਰ੍ਹਾਂ, ਲਗਭਗ 90% ਅਮਰੀਕੀਆਂ ਕੋਲ ਅਗਲੇ 10 ਸਾਲਾਂ ਵਿੱਚ ਕੋਈ ਨੌਕਰੀ ਨਹੀਂ ਹੋਵੇਗੀ। ਬਾਕੀ ਦੇ 10% ਬਚ ਜਾਣਗੇ। ਇਹ 10% ਮਾਹਿਰ ਹੋਣਗੇ।

## ਕੀ ਗੁਰੂ ਦੀ ਗੋਲਕ ਗਰੀਬ ਦਾ ਮੂੰਹ ਹੈ!



ਪਿਛਲੇ ਸਾਲ ਜੱਦ 13 ਅਪ੍ਰੈਲ ਨੂੰ ਮੈਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਲਈ ਗਈ । ਬਿਲਕੁਲ ਹੀ ਭੀੜ ਭੜੱਕਾ ਨਹੀਂ ਸੀ, ਤੇ ਉਸ ਦਿਨ ਬਹੁਤ ਸੋਹਣੀ ਤਰਹ ਅਰਾਮ ਨਾਲ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ। ਥਕਾਵਟ ਬਹੁਤ ਹੋ ਗਈ ਸੀ ਤੇ ਮੈਂ ਜੋੜੇ ਘਰ ਦੇ ਬਾਹਰ ਬੈਂਚ ਤੇ ਬੈਠ ਕੇ ਜੋੜੇ ਪਾਉਣ ਲੱਗੀ ਤੇ ਫ਼ੋਨ ਨਿਕਾਲ ਘਰ ਫ਼ੋਨ ਕਰਨ ਲੱਗੀ ਕਿ ਅਸੀਂ ਆ ਰਹੇ ਹਾਂ। ਬੈਂਚ ਤੇ ਮੇਰੇ ਨਾਲ ਇੱਕ ਨੌਜੁਆਨ ਗੁਰਮੁਖ ਜੋੜਾ ਉਦਾਸ ਬੈਠਾ ਸੀ। ਮੇਰਾ ਫ਼ੋਨ ਕੰਨ ਤੇ ਲੱਗਾ ਦੇਖ ਕਹਿਣ ਲੱਗਾ ਕਿ ਇਹੋ ਜਿਹੇ ਧਾਰਮਿਕ ਅਸਥਾਨਾਂ ਤੇ ਫੋਨ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ ਸ਼ਰਮਿੰਦਾ ਵੀ ਹੋਈ ਕਿ ਉਹ ਸੋਚਦੇ ਹੋਣਗੇ ਕਿ ਬੈਠ ਕੇ ਮੈਂ ਸ਼ਾਇਦ ਵਟਸਆਪ ਜਾਂ ਫੇਸਬੁੱਕ ਚੈੱਕ ਕਰਨ ਲੱਗੀ ਹਾਂ। ਉਹ ਕੁਝ ਕਹਿ ਰਿਹਾ ਸੀ ਪਰ ਮੈਂ ਘਰ ਜਲਦੀ ਜਲਦੀ ਫ਼ੋਨ ਤੇ ਗੱਲ ਕਰ ਫ਼ੋਨ ਬੰਦ ਕਰ ਦਿੱਤਾ ਤੇ ਬਹੁਤ ਧਿਆਨ ਨਾਲ ਉਸਦੀ ਗੱਲ ਸੁਣਣ ਲੱਗੀ ਜੋ ਉਹ ਰੋਣਹਾਕਾ ਹੋਇਆ ਜਲਦੀ ਕਹਿਣਾ ਚਾਹੁੰਦਾ ਸੀ। ਮੈਂ ਪੁੱਛਿਆ ਬੇਟਾ ਕੀ ਹੋਇਆ ਹੈ ਮੈਨੂੰ ਬਿਨਾ ਝਿਜਕ ਤੁਸੀਂ ਸਾਰੀ ਗੱਲ ਦੱਸੋ। ਅੱਖਾਂ ਵਿੱਚ ਡਲਕ ਆਏ ਹੰਝੂ ਸਾਫ ਕਰ ਉਹ ਕਹਿਣ ਲੱਗਾ ਕਿ ਮੈਂ ਤੇ ਮੇਰੀ ਪਤਨੀ ਬਠਿੰਡਾ ਤੋਂ ਸਵੇਰੇ ਗੱਡੀ (ਟ੍ਰੇਨ) ਵਿੱਚ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਸੀ ਤੇ ਆਪਣਾ ਛੋਟਾ ਬੱਚਾ ਕਿਸੇ ਰਿਸ਼ਤੇਦਾਰ ਕੋਲ ਛੱਡ ਆਏ ਸੀ। ਕਹਿੰਦਾ ਜੱਦ ਫੋਟੋਆਂ ਖਿੱਚਣ ਲਈ ਆਪਣੀ ਪੈਂਟ ਦੀ ਪਿੱਛਲੀ ਜੇਬ ਵਿੱਚੋਂ ਆਪਣਾ ਫ਼ੋਨ ਨਿਕਾਲਣ ਲੱਗਾ ਤੇ ਫ਼ੋਨ ਪੈਂਟ ਦੀ ਜੇਬ ਵਿੱਚ ਨਹੀਂ ਸੀ। ਕਹਿੰਦਾ ਮੈਂ ਤੇ ਆਪਣੇ ਕਾਰਡ (ਏ.ਟੀ.ਐਮ ਜਾਂ ਬੈਂਕ ਦਾ ਕੋਈ ਕਾਰਡ ਹੋਏਗਾ ਪੈਸੇ ਨਿਕਾਲਣ) ਲਈ ਸੱਭ ਫ਼ੋਨ ਦੇ ਕਵਰ ਦੇ ਅੰਦਰ ਹੀ ਸੀ। ਹੁਣ ਘਰ ਕਿਵੇਂ ਜਾਈਏ, ਸਾਡੀ ਦੋਹਾਂ ਦੀ ਬਠਿੰਡੇ ਦੀ ਟਿਕਟ 232 ਰੁਪਏ ਹੈ। ਸਾਡੇ ਕੋਲ ਕੋਈ ਵੀ ਪੈਸਾ ਨਹੀਂ । ਹੁਣ ਤੱਕ ਸਾਡਾ ਬੱਚਾ ਵੀ ਉਦਾਸ ਹੋ ਰੋ ਰਿਹਾ ਹੋਏਗਾ। ਮੈਂ ਕਿਹਾ ਤੁਸੀਂ ਦਰਬਾਰ ਸਾਹਿਬ ਕਮੇਟੀ ਵਾਲਿਆਂ ਨੂੰ ਸ਼ਿਕਾਇਤ ਕਰਨੀ ਸੀ ਕਹਿੰਦਾ ਅਸੀਂ ਬਹੁਤ ਕਿਹਾ ਪਰ ਉਹਨਾਂ ਸਾਡੀ ਇੱਕ ਨਹੀਂ ਸੁਣੀ ਤੇ ਇਹ ਕਿਹਾ ਕਿ ਤੁਸੀਂ ਝੂਠ ਕਹਿ ਰਹੇ ਹੋ। ਕਹਿੰਦਾ ਅਸੀਂ ਇਹ ਵੀ ਕਿਹਾ ਕਿ ਤੁਸੀਂ ਸਾਨੂੰ 232 ਰੁਪਏ ਕਿਰਾਏ ਜੋਗੇ ਪੈਸੇ ਹੀ ਦੇ ਦਿਉ ਜਾ ਕੇ ਤੁਹਾਨੂੰ ਭੇਜ ਦਿਆਂਗੇ। ਪਰ ਕਿਸੇ ਨੇ ਸਾਡੇ ਤੇ ਯਕੀਨ ਨਹੀਂ ਕੀਤਾ। ਹਾਂ ਇਹ ਠੀਕ ਹੈ ਕਿ ਬਹੁਤ ਲੋਕ ਝੂਠ ਕਹਿ ਕੇ ਠੱਗ ਕੇ ਲੈ ਜਾਂਦੇ ਹਨ। ਪਰ ਤੁਸੀਂ ਕਿਸੇ ਇਨਸਾਨ ਦੀ ਗੱਲ ਨੂੰ ਧਿਆਨ ਨਾਲ ਤੇ ਸੁਣੋ, ਬਹੁਤ ਮਾਸੂਮ ਗੁਰਮੁਖ ਜੋੜਾ ਸੀ। ਕਹਿੰਦਾ ਇਹੋ ਜਿਹੇ ਧਾਰਮਿਕ ਅਸਥਾਨ ਤੇ ਆ ਕੇ ਵੀ ਲੋਕ ਚੋਰੀ ਕਰਨ ਵਰਗੇ ਕੁਕਰਮ ਕਰ ਜਾਂਦੇ ਹਨ ਪਰ ਪਚਣਗੇ ਉਹਨਾਂ ਨੂੰ ਵੀ ਨਹੀਂ ਤੇ ਆਪਣੀ ਕੀਤੀ ਦਾ ਫੱਲ ਜ਼ਰੂਰ ਉਹਨਾਂ ਨੂੰ ਮਿਲੇਗਾ ਜੋ ਇਸ ਤਰਾਂ ਕਰਦੇ ਹਨ। ਮੈਂ ਉਹਨਾਂ ਨੂੰ ਹੌਂਸਲਾ ਦਿੱਤਾ ਤੇ ਕਿਹਾ ਬੱਚੋ ਘਬਰਾਓ ਨਾ ਵਾਹਿਗੁਰੂ ਮਦਦ ਕਰਨ ਦਾ ਕੋਈ ਨਾ ਕੋਈ ਹੀਲਾ ਵਸੀਲਾ ਜ਼ਰੂਰ ਬਣਾ ਦਿੰਦਾ ਹੈ। ਉਹ ਆਪਣੀ ਕੋਈ ਫੋਟੋ ਨਹੀਂ ਸੀ ਖਿੱਚਣ ਦੇਣਾ ਚਾਹੁੰਦੇ ਤੇ ਇਸ ਸਾਰੀ ਵਾਰਦਾਤ ਦੀ ਮੈਂ ਉਹਨਾਂ ਦੇ ਮੂੰਹੋਂ ਸਾਰੀ ਗੱਲਬਾਤ ਰਿਕਾਰਡ ਕਰਨੀ ਚਾਹੁੰਦੀ ਸੀ ਵੀਡੀਓ ਬਣਾ ਕੇ। ਉਹਨਾਂ ਵੀਡੀਓ ਬਣਾਉਣ ਤੋਂ ਮਨਾ ਕਰ ਦਿੱਤਾ ਤੇ ਕਿਹਾ ਕਿ ਮੈਸੇਜ ਰਿਕਾਰਡ ਕਰ ਲਉ ਮੇਰਾ। ਮੈਂ ਕਿਵੇਂ ਹੋਇਆ, ਕੱਦ ਹੋਇਆ ਪੁੱਛ ਕੇ ਸਾਰੀ ਗੱਲਬਾਤ ਰਿਕਾਰਡ ਕਰ ਲਈ ਤੇ ਅੱਖ ਬਚਾ ਕੇ ਉਹਨਾਂ ਦੀਆਂ ਦੋ ਤਿੰਨ ਫੋਟੋਆਂ ਵੀ ਖਿੱਚ ਲਈਆਂ। ਮੈਂ ਪੁੱਛਿਆ ਤੁਹਾਡੀ ਟ੍ਰੇਨ ਕਿੰਨੇ ਵਜੇ ਦੀ ਹੈ ਕਹਿੰਦੇ 7 ਵਜੇ ਦੀ ਹੈ, ਇਹੀ ਕਿਹਾ ਸੀ ਸ਼ਾਇਦ। ਮੈਂ ਕਿਹਾ ਸਟੇਸ਼ਨ ਤੇ ਕਿਵੇਂ ਜਾਉਗੇ ਕਹਿੰਦੇ ਫ੍ਰੀ ਬੱਸ ਜਾਂਦੀ ਹੈ। ਫ਼ੋਨ ਚੋਰੀ ਹੋ ਜਾਣ ਦੇ ਦੁੱਖ ਤੋਂ ਪਰੇਸ਼ਾਨ ਹੋਇਆਂ ਨੇ ਕੁਝ ਖਾਧਾ ਵੀ ਨਹੀਂ ਸੀ, ਫ਼ੋਨ ਦੇ ਕਵਰ ਵਿੱਚ ਹੀ ਕਾਰਡ ਸੀ ਉਹਨਾਂ ਦਾ ਪੈਸੇ ਨਿਕਾਲਣ ਵਾਲਾ। ਮੈਂ ਉਹਨਾਂ ਨੂੰ 500 ਰੁਪਏ ਨਿਕਾਲ ਕੇ ਉਸੇ ਸਮੇਂ ਦਿੱਤੇ, ਕਹਿੰਦੇ ਨਹੀਂ ਜੀ ਸਿਰਫ਼ 232 ਰੁਪਏ ਦੀ ਟਿਕਟ ਹੈ। ਕਹਿੰਦੇ ਤੁਸੀਂ ਆਪਣਾ ਨੰਬਰ ਦੇ ਦਿਉ ਅਸੀਂ ਜਾ ਕੇ ਤੁਹਾਨੂੰ ਪੈਸੇ ਭੇਜ ਦਿਆਂਗੇ ਜੀ। ਮੈਂ ਕਿਹਾ ਨਹੀਂ ਤੁਸੀਂ ਆਟੋ ਕਰਕੇ ਸਟੇਸ਼ਨ ਤੇ ਚਲੇ ਜਾਣਾ ਹੋ ਸਕਦਾ ਫਰੀ ਬੱਸ ਜੋ ਦਰਬਾਰ ਸਾਹਿਬ ਤੋਂ ਚਲਦੀ ਹੈ ਸਮੇਂ ਤੇ ਨਾ ਮਿਲੇ । ਉਹਨਾਂ ਦੀ ਟਰੇਨ ਦਾ ਸਮਾਂ ਵੀ ਹੋਣ ਵਾਲਾ ਸੀ। ਤੁਸੀਂ ਕੁਝ ਖਾ ਵੀ ਲੈਣਾ ਰਸਤੇ ਵਿੱਚ ਤੇ ਬਠਿੰਡੇ ਪਹੁੰਚ ਕੇ ਵੀ ਸਟੇਸ਼ਨ ਤੋਂ ਘਰ ਜਾਣ ਲਈ ਆਟੋ ਵਗੈਰਾ ਦੀ ਲੋੜ ਪਏਗੀ ਤੇ ਉਸਦਾ ਵੀ ਕਿਰਾਇਆ ਲੱਗੇਗਾ, ਤੁਸੀਂ 500 ਰੁਪਿਆ ਰੱਖ ਲੋ ਜ਼ਿਆਦਾ ਨਹੀਂ ਹਨ। ਮੇਰਾ ਆਸ਼ੀਰਵਾਦ ਸਮਝ ਕੇ ਰੱਖ ਲੈਣਾ। ਭਰੇ ਹੋਏ ਮਨ ਨਾਲ ਉਹਨਾਂ ਮੈਨੂੰ ਮੱਥਾ ਟੇਕ ਕੇ ਢੇਰ ਸਾਰੀਆਂ ਦੁਆਵਾਂ ਦੇ ਕੇ ਵਿਦਾ ਲਈ । ਮੈਂ ਸੁੰਨ ਹੋਈ, ਮਸੋਸੀ ਹੋਈ ਬੈਠੀ ਸੋਚ ਰਹੀ ਹਾਂ ਕਿ ਕਹਿੰਦੇ ਹਨ ਕਿ " ਗੁਰੂ ਦੀ ਗੋਲਕ ਗਰੀਬ ਦਾ ਮੂੰਹ " ਹੁੰਦੀ ਹੈ । ਹਰਿਮੰਦਰ ਸਾਹਿਬ ਉਹ ਧਾਰਮਿਕ ਅਸਥਾਨ ਹੈ ਜਿੱਥੇ ਕਿੰਨਾ ਹੀ ਚੜਾਵਾ ਚੜ੍ਹਦਾ ਹੈ। ਕੀ ਅਸੀਂ ਇਹੋ ਜਿਹੇ ਇਨਸਾਨ ਦੀ ਅਰਾਮ ਨਾਲ ਵਿੱਥਿਆ ਸੁਣ ਕੇ ਉਸਦੀ ਸਹਾਇਤਾ ਨਹੀਂ ਕਰ ਸਕਦੇ । ਮੰਨਿਆ ਕਿ ਬਹੁਤ ਨਜ਼ਾਇਜ਼ ਫ਼ਾਇਦੇ ਵੀ ਕੁਝ ਲੋਕ ਉਠਾ ਜਾਂਦੇ ਹਨ ਪਰ ਫਿਰ ਵੀ ਮੇਰੀ ਗੁਜ਼ਾਰਿਸ਼ ਹੈ ਕਮੇਟੀ ਮੈਂਬਰਜ਼ ਨੂੰ ਕਿ ਪੂਰੀ ਤਫ਼ਸੀਲ ਕਰਕੇ ਇਹੋ ਜਿਹੇ ਲੋੜਵੰਦ ਦੀ ਸਹਾਇਤਾ ਜ਼ਰੂਰ ਕੀਤੀ ਜਾਏ। ਮੈਂ ਇਸੇ ਲਈ ਮੈਸੇਜ ਰਿਕਾਰਡ ਕੀਤਾ ਸੀ ਕਿ ਮੈਂ ਕੁਝ ਸ਼੍ਰੋਮਣੀ ਕਮੇਟੀ ਮੈਂਬਰਜ਼ ਨੂੰ ਉਹ ਮੈਸੇਜ ਸੁਣਾਵਾਂਗੀ ਕਿ ਅਗਰ ਗੁਰੂ ਦੀ ਗੋਲਕ ਗਰੀਬ ਦਾ ਮੂੰਹ ਹੁੰਦੀ ਹੈ ਤਾਂ ਇਸ ਤਰਾਂ ਦੇ ਦੁਖਆਰਿਆਂ ਦੀ ਜ਼ਰੂਰ ਸਹਾਇਤਾ ਕੀਤੀ ਜਾਏ ।



(ਰਮਿੰਦਰ ਰੰਮੀ)

## "ਤੇਰੀ ਉਦਾਸੀ"

ਮੁੱਦਤਾਂ ਬਾਦ ਤੱਕਿਆ ਤੈਨੂੰ
ਤੇਰੇ ਚਿਹਰੇ ਤੇ ਦਿਖੀ
ਇਕ ਵੀਰਾਨਗੀ ਜਿਹੀ
ਕਿੰਨਾ ਕੁਝ ਪੜ੍ਹ ਲਿਆ
ਤੇਰੇ ਚਿਹਰੇ ਤੋਂ
ਦਰਦ, ਹੌਕੇ, ਹਾਵੇ
ਜਿਵੇਂ ਸਦੀਆਂ ਤੋਂ ਤੇਰੀ ਉਦਾਸੀ
ਤੇ ਇਹਨਾਂ ਦੀ ਪਰਤ
ਜੰਮ ਗਈ ਹੋਵੇ
ਮੁਰਝਾਇਆ, ਉਦਾਸਿਆ ਚਿਹਰਾ
ਤੇਰਾ ਹਾਸਾ, ਖੇੜਾ, ਮੁਸਕਾਨ
ਪਤਾ ਨਹੀਂ ਕਿੱਥੇ ਗਾਇਬ ਹੋ ਗਈ
ਕਹਿੰਦੇ ਹਨ ਦਿਲ ਦੀਆਂ ਵੀ
ਅੱਖਾਂ ਹੁੰਦੀਆਂ ਹਨ
ਜਿਹਨਾਂ ਨਾਲ ਅਸੀਂ
ਇੱਕ ਦੂਸਰੇ ਦੇ
ਆਰ ਪਾਰ ਦੇਖ ਸਕਦੇ ਹਾਂ
ਤੇ ਉਹਨਾਂ ਨਜ਼ਰਾਂ ਨਾਲ ਸਾਰਾ
ਪੜ੍ਹ ਲਿਆ ਅੱਜ ਮੈਂ ਤੈਨੂੰ
ਰੂਹਾਂ ਦੇ ਰਿਸ਼ਤੇ
ਇਹੀ ਤੇ ਹੁੰਦੇ ਹਨ
ਦਰਦ ਇੱਕ ਨੂੰ ਹੋਵੇ ਤੇ
ਤਕਲੀਫ਼ ਦੂਸਰੇ ਨੂੰ
ਮਹਿਸੂਸ ਹੋਏ
ਤੈਨੂੰ ਇਸ ਹਾਲ ਵਿੱਚ ਦੇਖ
ਤੜਪ ਉੱਠੀ ਮੈਂ ਦਰਦ ਨਾਲ
ਆਪਣਾ ਦਰਦ ਭੁਲਾ
ਤੇਰੇ ਦਰਦ ਵਿੱਚ
ਖੋ ਗਈ ਮੈਂ
ਜੀ ਕੀਤਾ ਹੁਣੇ ਤੈਨੂੰ ਮਿਲ
ਕਲਾਵੇ ਵਿੱਚ ਭਰ
ਗਲੇ ਲਗਾ ਲਵਾਂ
ਤੇ ਕਹਾਂ ਝੱਲਿਆ
ਹੁਣ ਤੂੰ ਕਦੀ ਉਦਾਸ
ਨਾ ਹੋਵੀਂ
ਮੈਂ ਹੂੰ ਨਾ
ਤੇਰੀ ਉਦਾਸੀ ਮੈਂ ਦੇਖ
ਨਹੀਂ ਸਕਦੀ
ਤੈਨੂੰ ਉਦਾਸ ਦੇਖ
ਕਿੰਨਾ ਕੁਝ ਟੁੱਟ ਭੱਜ
ਜਾਂਦਾ ਹੈ ਮੇਰੇ ਅੰਦਰ
ਤੇਰੀ ਉਦਾਸੀ ਫਿਰ
ਘੇਰਾ ਘੱਤ ਲੈਂਦੀ ਹੈ
ਮੇਰੇ ਆਲੇ ਦੁਆਲੇ ਤੇ
ਮੈਂ ਤੇਰੀ ਉਦਾਸੀ ਨੂੰ
ਆਪਣੇ ਗਲੇ ਲਗਾ ਲੈਂਦੀ ਹਾਂ
ਉਹਨਾਂ ਨਾਲ ਗੱਲਾਂ ਕਰ
ਤੇਰਾ ਹਾਲ ਚਾਲ ਪੁੱਛਦੀ
ਰਹਿੰਦੀ ਹਾਂ ਤੇ ਕਹਿੰਦੀ ਹਾਂ
ਹੁਣ ਤੂੰ ਕਦੀ ਉਦਾਸ ਨਾ ਹੋਵੀਂ ।
ਗੁਰਬਾਣੀ ਵਿੱਚ ਸ਼ਬਦ ਹੈ
ਉਸਨੂੰ ਹਮੇਸ਼ਾਂ ਯਾਦ ਰੱਖਣਾ ।
" ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ ।" (ਰਮਿੰਦਰ ਰੰਮੀ)

ਭਾਗ–13

# ਤਸਵੀਰ ਜ਼ਿੰਦਗੀ ਦੀ...

ਪਰੀਤੋ ਤੇ ਰਾਣੋ ਦੇ ਵਿਆਹ ਦਾ ਦਿਨ ਆ ਜਾਂਦਾ ਹੈ। ਛਿੰਦਰ ਸਿੰਘ ਨੇ ਆਪਣੇ ਕਹਿਣ ਦੇ ਮੁਤਾਬਿਕ ਹੀ ਦਸ ਬੰਦੇ ਨਾਲ ਲਿਆ ਕੇ ਗੁਰੂਦੁਆਰਾ ਸਾਹਿਬ ਵਿਖੇ ਵਿਆਹੁਣ ਲਈ ਪਹੁੰਚ ਜਾਂਦਾ ਹੈ ਅਤੇ ਗੁਰੂ ਮਹਾਰਾਜ ਸਾਹਿਬ ਦੇ ਉਪਦੇਸ਼ਾਂ ਮੁਤਾਬਿਕ ਹੀ ਸਾਦਾ ਵਿਆਹ ਕਰਦਾ ਹੈ।

ਸਾਰੇ ਹੀ ਪਿੰਡ ਵਿੱਚ ਇਸ ਅਨੋਖੇ ਵਿਆਹ ਦੀਆਂ ਗੱਲਾਂ ਹੋ ਰਹੀਆਂ ਹਨ। ਛਿੰਦਰ ਸਿੰਘ ਦੀਆਂ ਲੋਕ ਤਾਰੀਫਾਂ ਕਰਦੇ ਨਹੀਂ ਥੱਕ ਰਹੇ ਸਨ, ਕੁਝ ਕੁੜੀਆਂ ਦੀ ਚੰਗੀ ਕਿਸਮਤ ਦੀਆਂ ਗੱਲਾਂ ਕਰ ਰਹੇ ਹਨ ਤੇ ਕੁਝ ਲੋਕ ਸ਼ੱਕ ਵੀ ਜਤਾ ਰਹੇ ਹਨ ਕਿ ਕਿਤੇ ਮੁੰਡਿਆਂ ਵਿੱਚ ਕੋਈ ਐਬ ਤਾਂ ਨਹੀਂ.......... ਹਰ ਪਾਸੇ ਹੀ ਚਰਚਾ ਸੀ।

ਪਰ ਇਹ ਕੁੜੀਆਂ ਦੀ ਚੰਗੀ ਕਿਸਮਤ ਹੀ ਸੀ ਕਿ ਦੋ ਮਹੀਨਿਆਂ ਵਿੱਚ ਹੀ ਉਹਨਾਂ ਦਾ ਵੀ ਸਾਰਾ ਕੰਮ ਪੂਰਾ ਹੋ ਗਿਆ ਤੇ ਵੀਜਾ ਲੱਗ ਜਾਂਦਾ ਹੈ ਉਹ ਵੀ ਬਲਰਾਜ ਤੇ ਦਿਲਰਾਜ ਨਾਲ ਹੀ ਅਮਰੀਕਾ ਚਲੀਆਂ ਜਾਂਦੀਆ ਹਨ,ਕੋਈ ਇਹ ਸੋਚ ਵੀ ਨਹੀਂ ਸੀ ਸਕਦਾ ਕਿ ਇਹ ਸਭ ਕੁਝ ਇੱਕ ਸੁਪਨੇ ਦੀ ਤਰ੍ਹਾਂ ਹੀ ਬਹੁਤ ਛੇਤੀ ਵਿੱਚ ਹੋਇਆ।

"ਵੀਰਪਾਲ ਕੁੜੀਆਂ ਦੇ ਸੁੱਖ ਸਾਂਦ ਦਾ ਕੋਈ ਸੁਨੇਹਾ ਆਇਆ ਕਿ ਨਹੀਂ.... !"

"ਬਾਪੂ ਜੀ ਅੱਜ ਸਵੇਰੇ ਹੀ ਫੋਨ ਆ ਗਿਆ ਹੈ ਕਿ ਉਹ ਠੀਕ ਠਾਕ ਪਹੁੰਚ ਗਏ ਨੇ ........!"

"ਚਲੋ ਵਾਹਿਗੁਰੂ ਦੇ ਲੱਖ- ਲੱਖ ਸ਼ੁਕਰਾਨੇ ਹਨ....ਕਿ ਇਸ ਅਭਾਗੇ ਦੀ ਕਿਸਮਤ ਵਿੱਚ ਵੀ ਚਾਰ ਦਿਨ ਸੁੱਖ ਦੇ ਆਏ.....ਨਾਨਕਾ ਫਸਲ ਕਿਵੇਂ ਖੜੀ ਹੈ? "

"ਬਾਪੂ ਬਹੁਤ ਹੀ ਵਧੀਆ ਹੈਂ ਲੱਗਦਾ ਹੈ ਵਕਤ ਨੂੰ ਜਿਵੇਂ ਕਾਬੂ ਕਰ ਲਿਆ ਹੈ ਆਪਾਂ, ਕੁੜੀਆਂ ਦਾ ਵਿਆਹ ਵੀ ਬਿਨਾਂ ਕੋਈ ਕਰਜ਼ਾ ਚੁੱਕੇ ਹੋ ਗਏ, ਕੁੜੀਆਂ ਅਮਰੀਕਾ ਪਹੁੰਚ ਗਈਆਂ ਆਪਾਂ ਇੱਥੇ ਵਧੀਆ ਹੋਰ ਕੀ ਚਾਹੀਦਾ ਹੈ। "

" ਮਾਂ ਹੁਣ ਘਰੇ ਕਿੰਨੇ ਕੁ ਰੁਪਏ ਬਚ ਗਏ ਹਨ.... !"

"ਨਾਨਕਾ ਟੂਮਾਂ, ਕੱਪੜਿਆਂ ਦੇ ਤੇ ਹੋਰ ਖਰਚ ਕੱਢਕੇ ਮਸਾਂ ਹੀ ਤਿੰਨ ਲੱਖ ਚਾਲੀ ਕੁ ਹਜ਼ਾਰ ਰਹਿ ਗਏ ਹੋਣੇ ਹਨ ....... ਹੁਣ ਤੂੰ ਧਿਆਨ ਨਾਲ ਖਰਚਾ ਕਰਿਆ ਕਰ.....!"

" ਮਾਂ ਤੂੰ ਫਿਕਰ ਨਾ ਕਰ ਫਸਲ ਪੱਕੀ ਖੜੀ ਹੈ ,ਬਸ ਚਾਰ ਦਿਨਾਂ ਨੂੰ ਕਟਾਈ ਸ਼ੁਰੂ ਕਰ ਦੇਣੀ ਹੈ ਫਿਰ ਸਾਰੀ ਫਸਲ ਦੇ ਪੈਸੇ ਨਗਦ ਹੀ ਮਿਲ ਜਾਣੇ ਹਨ ਤੂੰ ਰਤਾਂ ਵੀ ਫਿਕਰ ਨਾ ਕਰ। "

"ਹੁਣ ਬਸ ਖੁਸ਼ੀਆਂ ਹੀ ਖੁਸ਼ੀਆਂ ਹਨ... ਬੇਬੇ ਆਹ ਫਸਲ ਤੈਨੂੰ ਹਾਰ ਕਰਵਾ ਦੇਣਾ, ਬੇਬੇ ਹੁਣ ਟੌਹਰ ਬਣਾ ਦੇਣੀ ਹੈ ਸਾਰੇ ਪਿੰਡ ਵਿੱਚ ਤੇਰੇ ਪੋਤੇ ਨੇ..........!"

"ਪੁੱਤ ਮੈਂ ਬੁੱਢੀ ਨੇ ਕੀ ਹਾਰ ਪਾਉਣਾ ਹੈ ਜੇ ਲਿਆਉਣਾ ਹੈ ਤਾਂ ਆਪਣੀ ਮਾਂ ਲਈ ਲੈ ਕੇ ਆਈ ਚੰਦਰੀ ਨੇ ਇਸ ਘਰ ਵਿੱਚ ਕਦੇ ਦੋ ਦਿਨ ਵੀ ਨਹੀਂ ਸੁੱਖ ਦੇ ਵੇਖੇ.... !"ਸੀਤੋ ਸਮਝਾਉਣ ਲੱਗ ਪਈ ਨਾਨਕ ਨੂੰ।

"ਠੀਕ ਹੈ ਬੇਬੇ ਫੇਰ ਆਪਾਂ ਦੋਵਾਂ ਲਈ ਹੀ ਲਿਆਵਾਂਗੇ। '

" ਚੰਗਾ ਟਾਇਮ ਆਉਣ ਦੇ ਪੁੱਤ ਪਰਮਾਤਮਾ ਸਦਾ ਖੁਸ਼ ਰੱਖੇ ਤੈਨੂੰ........!"

( ਫਸਲ ਵਧੀਆ ਹੋ ਗਈ ਤੇ ਪੈਸੇ ਵੀ ਚੰਗੇ ਵੱਟੇ ਗਏ, ਨਾਨਕ ਦੀ ਖੁਸ਼ੀਆਂ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਸੀ... ਪਹਿਲੀ ਵਾਰ ਸੀ ਕਿ ਉਸਨੇ ਕਮਾਈ ਕੀਤੀ ਸੀ, ਉਸਦੇ ਜਮੀਨ ਤੇ ਪੈਰ ਨਹੀਂ ਲੱਗ ਰਹੇ ਸਨ। ਪਰ ਦੂਜੇ ਪਾਸੇ ਰੱਬ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ ,ਰਾਤ ਨੂੰ ਚੰਨਣ ਨੂੰ ਦਿਲ ਦੀ ਦੌਰਾ ਪੈ ਗਿਆ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ। ਡਾਕਟਰ ਨੇ ਜਲਦੀ ਨਾਲ ਅਪਰੇਸ਼ਨ ਕਰਵਾਉਣ ਲਈ ਕਿਹਾ। ਖਰਚ ਪੁੱਛਣ ਤੇ ਦੱਸਿਆ ਪੰਜ ਲੱਖ ਰੁਪਏ ਘੱਟ ਤੋਂ ਘੱਟ ਆ ਹੀ ਜਾਵੇਗਾ। ਨਾਨਕ ਹਾਂ ਕਰਕੇ ਪੈਸੇ ਲੈਣ ਪਿੰਡ ਆ ਜਾਂਦਾ ਹੈ)



(ਅਗਲੇ ਦਿਨ ਹੀ ਅਪਰੇਸ਼ਨ ਹੋ ਜਾਂਦਾ ਹੈ ਤੇ ਚੰਨਣ ਠੀਕ ਵੀ ਹੋ ਜਾਦਾ ਹੈ ਪਰ ਤਿੰਨ ਦਿਨ ਬਾਅਦ ਹੀ ਅਚਾਨਕ ਫੇਰ ਦੌਰਾ ਪੈ ਜਾਂਦਾ ਹੈ ਤੇ ਚੰਨਣ ਸਿੰਘ ਸਵਰਗ ਸੁਧਾਰ ਜਾਦਾ ਹੈ, ਪੈਸੇ ਵੀ ਲੱਗ ਜਾਂਦੇ ਹਨ ਤੇ ਪੱਲੇ ਵੀ ਕੁਝ ਨਹੀਂ ਪੈਂਦਾ)

ਨਾਨਕ ਪਰੇਸ਼ਾਨ ਹੋ ਜਾਂਦਾ ਹੈ, ਉਸਨੇ ਜਦੋ ਦੀ ਸੁਰਤ ਸੰਭਾਲੀ ਸੀ, ਕਦੇ ਵੀ ਐਨੇ ਦੁੱਖ ਨਹੀਂ ਦੇਖੇ ਸਨ। ਮਾਂ ਸਮਝਾਉਦੀ ਹੈ ਪੁੱਤ ਕੋਈ ਗੱਲ ਨਹੀਂ ਸਭ ਕੁਝ ਠੀਕ ਹੋ ਜਾਵੇਗਾ ਤੂੰ ਪਰੇਸ਼ਾਨ ਨਾ ਹੋ। ਲੋਕਾਂ ਦੀਆਂ ਗੱਲਾਂ ਵਿੱਚ ਆ ਨਾਨਕ ਲੱਖ ਰੁਪਿਆ ਬਾਪੂ ਦੇ ਭੋਗ ਤੇ ਖਰਚ ਕਰ ਦਿੰਦਾ ਹੈ। ਉੱਤੋ ਟਰੈਕਟਰ ਦੀ ਕਿਸ਼ਤ ਭਰਨ ਦਾ ਟਾਇਮ ਵੀ ਆ ਜਾਂਦਾ ਹੈ......ਨਾਨਕ ਦੀ ਪਰੇਸ਼ਾਨੀ ਵਿੱਚ ਹੋਰ ਵਾਧਾ ਹੋ ਜਾਂਦਾ ਹੈ।

ਵੀਰਪਾਲ ਨਾਨਕ ਨੂੰ ਸਮਝਾਉਦੀ ਹੈ,"ਪੁੱਤ ਤੇਰੇ ਫਿਕਰ ਕਰਨ ਨਾਲ ਕੁਝ ਨਹੀਂ ਹੋਣਾ, ਜੇਕਰ ਤੇਰਾ ਦਿਲ ਨਹੀਂ ਕਰਦਾ ਤਾਂ ਆਪਾਂ ਮਾਂ ਪੁੱਤ ਦੋ ਪਸ਼ੂ ਹੋਰ ਪਾ ਲੈਦੇ ਹਾਂ ਤੇ ਜਮੀਨ ਠੇਕੇ ਉੱਤੇ ਦੇ ਦਿੰਦੇ ਹਾਂ..... !"

"ਨਹੀਂ ਮਾਂ ਜੱਗ ਹਸਾਈ ਨਹੀਂ ਕਰਵਾਉਣੀ.....!

"ਕਾਹਦੀ ਪੁੱਤ ਜੱਗ ਹਸਾਈ ਆਪਾਂ ਕਿਹੜਾ ਕਿਸੇ ਤੋ ਖਾਣ ਨੂੰ ਲੈਣਾ ਹੈ",ਸੀਤੋ ਵੀ ਸਮਝਾਉਣ ਲੱਗ ਪੈਂਦੀ ਹੈ।

"ਤੁਸੀਂ ਫਿਕਰ ਨਾ ਕਰੋ, ਪਰੇਸ਼ਾਨੀ ਤਾਂ ਆ ਹੀ ਜਾਂਦੀ ਹੈ, ਪਰ ਹੁਣ ਮੈਂ ਠੀਕ ਹਾਂ।"

ਅਗਲੇ ਦਿਨ ਨਾਨਕ ਗੁਰਨਾਮ ਕੋਲ ਜਾਂਦਾ ਹੈ, "ਤਾਇਆ ਘਰੇ ਹੀ ਹੈਂ....?"

" ਹਾਂ ਨਾਨਕਾ ਲੰਘ ਆ ਅੰਦਰ ਘਰੇ ਹੀ ਹਾਂ, ਕਿਵੇਂ ਸਭ ਠੀਕ ਠਾਕ ਹੈ, ਸਵੇਰੇ –ਸਵੇਰੇ ? "

"ਹਾਂ ਤਾਇਆ ਸਭ ਠੀਕ ਹੈ ਉਹ ਤਾਂ ਮੈਂ ਤੇਰੇ ਨਾਲ ਇੱਕ ਸਲਾਹ ਕਰਨੀ ਹੈ।"

"ਹਾਂ ਦੱਸ ਕੀ ਗੱਲ ਹੈ.....!"

"ਤਾਇਆ ਮੈਂ ਸੋਚਦਾ ਸੀ ਕਿ ਨਾਲ ਦੀ ਬੇਲੇ ਕੀ ਪੈਲੀ ਕਿਉਂ ਨਾ ਠੇਕੇ ਉੱਤੇ ਲੈ ਲਵਾਂ।"

"ਵੇਖ ਨਾਨਕਾ ਇੱਕ ਤਾਂ ਉਹ ਬੰਦੇ ਰੁੱਖੇ ਜਿਹੇ ਹਨ, ਦੂਜਾ ਤੈਨੂੰ ਦੂਜਾ ਸਾਲ ਹੀ ਤਾਂ ਹੋਇਆ ਹੈ ਖੇਤੀ ਕਰਦੇ ਹੋਏ, ਤਜ਼ਰਬਾ ਵੀ ਘੱਟ ਹੈ ਨਾਲੇ ਖੇਤੀ ਕਿਸਮਤ ਦੀ ਹੀ ਹੁੰਦੀ ਹੈ,ਨਾਨਕਾ ਇੱਕ ਦੋ ਸਾਲ ਹੋਰ ਆਪਣੀ ਕਰਲਾ ਫੇਰ ਤਜ਼ਰਬਾ ਹੋ ਜਾਵੇਗਾ ਫੇਰ ਠੇਕੇ ਤੇ ਵੀ ਲੈ ਲਈ....!"

"ਚੰਗਾ ਤਾਇਆਂ ਠੀਕ ਹੈ ਫ਼ੇਰ ,ਹੁਣ ਮੈਂ ਚੱਲਦਾ ਹਾਂ, ਮਾਂ ਘਰੇ ਉਡੀਕਦੀ ਹੋਵੇਗੀ।

" ਚੰਗਾ ਫ਼ੇਰ ਠੀਕ ਹੈ।"

" ਆ ਗਿਆ ਪੁੱਤ....ਕਿੱਥੇ ਗਿਆ ਸੀ..? "

"ਗੁਰਨਾਮ ਤਾਏ ਕੋਲ ਗਿਆ ਸੀ।"

"ਕਿਵੇਂ......ਪੁੱਤ ਕੋਈ ਕੰਮ ਸੀ......?"

"ਹਾਂ ਬੇਬੇ ਸਲਾਹ ਕਰਨੀ ਸੀ.... !"

"ਕਰ ਆਇਆ ਫ਼ੇਰ... !"

" ਹਾਂ ਬੇਬੇ ਕਰ ਹੀ ਆਇਆਂ...!

ਨਾਨਕ ਦੀ ਪਰੇਸ਼ਾਨੀ ਵੱਧਦੀ ਹੀ ਜਾ ਰਹੀ ਸੀ, ਅੱਜ ਰਾਤ ਨੂੰ ਤਾਂ ਉਹ ਬਾਹਰੋ ਸ਼ਰਾਬ ਪੀ ਕੇ ਆਇਆ।

ਵੀਰਪਾਲ ਨੇ ਰਾਤ ਨੂੰ ਤਾਂ ਕੁਝ ਨਹੀਂ ਕਿਹਾ ਪਰ ਸਵੇਰੇ ਉੱਠਦੇ ਹੀ ਨਾਨਕ ਨੂੰ ਗਾਲ੍ਹਾਂ ਦੇਣ ਲੱਗ ਪਈ। ਨਾਨਕ ਤੇ ਉਸ ਦੀਆਂ ਗਾਲ੍ਹਾਂ ਦਾ ਕੋਈ ਅਸਰ ਨਹੀਂ ਹੋ ਰਿਹਾਂ ਸੀ। ਉਹ ਬੋਲੀ ਹੀ ਜਾ ਰਹੀ ਸੀ, ਕਮਰੇ ਵਿੱਚ ਸੀਤੋ ਵੀ ਆ ਗਈ....,"ਵੇਖ ਪੁੱਤ ਜੇ ਕੋਈ ਗੱਲ ਹੈ ਤਾਂ ਦੱਸ ਸਾਨੂੰ ਪਰ ਆ ਕੀ ਨਵੇਂ ਸ਼ਰਾਬੀ ਬੇਲੀ ਕਿੱਥੋ ਲੱਭ ਲਏ....!"

" ਹੁਣ ਕਾਹਤੋਂ ਸਵੇਰੇ ਹੀ ਮੇਰੇ ਮਗਰ ਪੈ ਗਈਆਂ ਹੋ ਤੁਸੀਂ ਜੇ ਇੱਕ ਵਾਰ ਪੀ ਲਈ ਤਾਂ ਪਹਾੜ ਤਾਂ ਨਹੀ ਡਿੱਗ ਪਿਆ...... ਲੋਕ ਰੋਜ ਪੀਂਦੇ ਨੇ, ਉਹਨਾਂ ਨੂੰ ਤਾਂ ਸਾਲ਼ਾ ਕੁਝ ਹੁੰਦਾ ਨਹੀਂ..... ...ਹੁਣ ਚਾਹ ਵੀ ਮਿਲੇਗੀ ਜਾਂ ਮੈਂ ਬਿਨਾਂ ਚਾਹ ਤੋਂ ਹੀ ਬਾਹਰ ਨਿਕਲ ਜਾਵਾਂ ......!

"ਨਾ ਪੁੱਤ ਮੈਂ ਹੁਣੇ ਹੀ ਲੈਕੇ ਆਈ...!"

"ਬੇਬੇ ਤੂੰ ਹੀ ਵਿਗਾੜਿਆ ਹੈ ਇਹਨੂੰ ਅੱਜ ਤੋਂ ਬਾਅਦ ਮੇਰੇ ਘਰ ਵਿੱਚ ਸ਼ਰਾਬ ਪੀ ਕੇ ਆਉਣ ਦੀ ਲੋੜ ਨਹੀਂ ਹੈ," ਵੀਰਪਾਲ ਗੁੱਸੇ ਵਿੱਚ ਬੋਲੀ।

"ਆਹ ਸੁਣ ਲਾ ਬੇਬੇ ਜਿਵੇਂ ਮੇਰਾ ਤਾਂ ਘਰ ਵਿੱਚ ਕੁਝ ਹੈ ਹੀ ਨਹੀਂ.......!"

"ਬਿਲਕੁਲ ਹੈ ਨਹੀਂ ਦਾਰੂ ਵਾਲੇ ਲਈ ਇਸ ਘਰ ਵਿੱਚ ਕੋਈ ਥਾਂ ਨਹੀ .....!"

"ਵੀਰਪਾਲ ਚੱਲ ਹੁਣ ਤੂੰ ਚੁੱਪ ਕਰ,ਇਹ ਅੱਗੇ ਤੋ ਸ਼ਰਾਬ ਨਹੀ ਪੀਵੇਗਾ। ਜਾਹ ਹੁਣ ਆਪਣਾ ਕੰਮ ਕਰ ਲੈ।"


"ਬੇਬੇ ਮੈਂ ਆਉਂਦਾ ਹਾਂ ਥੋੜੀ ਦੇਰ ਵਿੱਚ", ਨਾਨਕ ਚਾਹ ਪੀ ਕੇ ਖੇਤਾਂ ਵੱਲ ਚੱਕਰ ਲਗਾਉਣ ਚਲਾ ਜਾਂਦਾ ਹੈ।

ਚੱਲਦਾ...



ਸੰਦੀਪ ਦਿਉੜਾ,
84375-56667

# ਬੌਧਿਕਤਾ ਦੇ ਮਿਆਰੀ ਸਿਧਾਂਤ



ਹਰੇਕ ਬੁੱਧੀਮਾਨ ਵਿਅਕਤੀ ਦੁਆਰਾ ਵਿਚਾਰ ਚਰਚਾ ਜਾਂ ਬਹਿਸ ਦੌਰਾਨ ਇਹਨਾਂ ਮਿਆਰੀ ਸਿਧਾਂਤਾਂ ਦੀ ਪਾਲਣਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਕਿਉਂਕਿ ਇਹਨਾਂ ਤੋਂ ਬਿਨ੍ਹਾਂ ਚਰਚਾ ਨਹੀਂ ਹੋ ਸਕਦੀ।

ਦੋਸ਼ ਯੋਗਤਾ ਦਾ ਸਿਧਾਂਤ: ਇਹ ਮੰਨਣਾ ਕਿ ਮੇਰੇ ਕੋਲੋਂ ਗ਼ਲਤੀ ਹੋ ਸਕਦੀ ਹੈ, ਮੇਰੇ ਵਿਚਾਰ ਵੀ ਗ਼ਲਤ ਹੋ ਸਕਦੇ ਹਨ। ਜੇਕਰ ਆਪਣੇ ਵਿਚਾਰਾਂ ਨੂੰ ਹੀ ਅੰਤਿਮ ਸੱਚ ਮੰਨ ਲਈਏ ਤਾਂ ਇਸਦਾ ਮਤਲਬ ਹੈ ਕਿ ਅਸੀਂ ਕਿਸੇ ਵੀ ਬਿਹਤਰ ਤਰਕ ਨੂੰ ਸੁਣਨ ਲਈ ਤਿਆਰ ਹੀ ਨਹੀਂ ਹਾਂ। ਆਪਣੇ ਆਪ ਨੂੰ ਦੋਸ਼ ਸਕਸ਼ਮ ਮੰਨਣਾ ਬੌਧਿਕ ਵਿਕਾਸ ਲਈ ਅਤਿ ਲਾਜ਼ਮੀ ਹੈ। ਬੌਧਿਕ ਪੱਧਰ ਉੱਤੇ ਉੱਚੇ ਹੋਣ ਲਈ ਆਪਣੇ ਮੌਜੂਦਾ ਵਿਚਾਰਾਂ, ਜਿੰਨ੍ਹਾਂ ਨੂੰ ਅਸੀਂ ਸੱਚ ਸਮਝਦੇ ਹਾਂ, ਉੱਪਰ ਸਵਾਲ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ।

ਸੱਚ ਦੀ ਖੋਜ ਦਾ ਸਿਧਾਂਤ: ਵਿਚਾਰ ਚਰਚਾ ਜਾਂ ਵਾਦ-ਵਿਵਾਦ ਦੌਰਾਨ ਸਾਡੀ ਕੋਸ਼ਿਸ਼ ਸੱਚ ਨੂੰ ਖੋਜਣ ਦੀ ਹੋਣੀ ਚਾਹੀਦੀ ਹੈ। ਸਾਡੇ ਵਿਚਾਰਾਂ ਦਾ ਆਪਸ ਵਿੱਚ ਨਾ ਰਲਣਾ ਇਹ ਦਰਸਾਉਂਦਾ ਹੈ ਕਿ ਜਾਂ ਅਸੀਂ ਗ਼ਲਤ ਹਾਂ ਤੇ ਜਾਂ ਬਾਕੀ ਗ਼ਲਤ ਹਨ, ਇਸ ਲਈ ਸੱਚ ਦੀ ਖੋਜ ਜ਼ਰੂਰੀ ਹੈ। ਸੱਚ ਨਹੀਂ ਤਾਂ ਤਤਕਾਲੀ ਸਭ ਤੋਂ ਤਕੜੀ ਦਲੀਲ ਤੱਕ ਅੱਪੜਨਾ ਚਰਚਾ ਦਾ ਮੰਤਵ ਹੋਣਾ ਚਾਹੀਦਾ ਹੈ। ਖ਼ਾਲਸ ਸੱਚ ਖੋਜਣ ਵਾਲ਼ੇ ਕਦੇ ਵੀ ਆਪਣੇ ਵਿਰੋਧੀ ਤਰਕਾਂ ਤੋਂ ਭੱਜਦੇ ਨਹੀਂ ਅਤੇ ਨਾ ਉਹਨਾਂ ਨੂੰ ਐਵੇਂ ਹੀ ਝੁਠਲਾਉਂਦੇ ਹਨ।

ਸਪੱਸ਼ਟਤਾ ਦਾ ਸਿਧਾਂਤ: ਚਰਚਾ ਦੌਰਾਨ ਭਾਸ਼ਾ ਸਭ ਦੇ ਸਮਝ ਆਉਣ ਯੋਗ ਅਤੇ ਸਪਸ਼ਟ ਹੋਣੀ ਚਾਹੀਦੀ ਹੈ, ਜੇਕਰ ਕੁੱਝ ਸਮਝ ਨਾ ਆਵੇ ਤਾਂ ਦੁਬਾਰਾ ਪੁੱਛ ਲੈਣਾ ਚਾਹੀਦਾ ਹੈ, ਸਬਦਾਂ ਦਾ ਜਾਲ਼ ਬੁਣ ਕੇ ਤਰਕ ਤੋਂ ਭੱਜਣਾ ਜਾਂ ਅਗਲੇ ਨੂੰ ਉਲਝਾਉਣਾ ਸਪਸ਼ਟਤਾ ਦੇ ਮਿਆਰੀ ਬੌਧਿਕ ਸਿੱਧਾਂਤ ਤੋਂ ਉਲਟ ਹੈ।

ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਇਹ ਕਹਿ ਦੇਣਾ ਚਾਹੀਦਾ ਹੈ ਕਿ "ਮੈਂ ਗ਼ਲਤ ਹੋ ਸਕਦਾ ਹਾਂ, ਅਤੇ ਜੇਕਰ ਮੈਂ ਤਰਕ ਦੇ ਅਧਾਰ ਤੇ ਗ਼ਲਤ ਸਾਬਿਤ ਹੁੰਦਾ ਹਾਂ ਤਾਂ ਮੈਂ ਆਪਣੇ ਵਿਚਾਰਾਂ ਨੂੰ ਬਦਲਣ ਲਈ ਰਾਜ਼ੀ ਹਾਂ" ਫ਼ਿਰ ਸਾਹਮਣੇ ਵਾਲ਼ੇ ਨੂੰ ਵੀ ਪੁੱਛ ਲਓ, ਜੇਕਰ ਉਹ ਇਹ ਮੰਨਣ ਨੂੰ ਤਿਆਰ ਨਹੀਂ, ਤਾਂ ਸਮਝ ਜਾਓ ਕਿ ਉਸ ਨਾਲ਼ ਚਰਚਾ ਕਰਨਾ ਹੀ ਨਿਰਾਰਥਕ ਹੈ। ਅਜਿਹੇ ਵਿਅਕਤੀ ਨਾਲ਼ ਕੋਈ ਵੀ ਚਰਚਾ ਨਹੀਂ ਹੋ ਸਕਦੀ।

– ਟੀ. ਐਡਵਰਡ ਡੇਮਰ ਦੀ ਲਿਖਤ ਦਾ ਸਾਰ
ਜਸਵਿੰਦਰ ਸਿੰਘ ਸੰਧੂ

# ਛਲਾਵਿਆ ਦੀ ਰੁੱਤ ਨੇ ਪਾਠਕਾਂ ਵਿੱਚ ਪ੍ਰਭਾਵ ਛੱਡਣ ਵਿੱਚ ਕਾਮਯਾਬ




ਨੌਜਵਾਨ ਲੇਖਕ 'ਅਲਫ਼ਾਜ਼' ਜਿਸਨੇ ਕਵਿਤਾ ਤੋਂ ਬਾਅਦ ਕਹਾਣੀਆਂ ਦੀ ਪਹਿਲੀ ਕਿਤਾਬ ਜੋ ਵਿਸ਼ਾ ਪੱਖ ਤੋਂ ਅਜੋਕੇ ਸਮੇਂ ਦੀ ਹਾਮੀ ਭਰਦੀ ਹੋਣ ਕਰਕੇ ਪਾਠਕਾਂ ਦੇ ਮਨਾਂ ਨੂੰ ਟੁੰਬਣ ਵਿੱਚ ਸਫ਼ਲ ਰਹੀ ਹੈ ਤੇ ਲੇਖਕਾਂ ਦੇ ਨਾਲ ਨਾਲ ਆਮ ਪਾਠਕ ਵੀ ਪੁਸਤਕ ਖ਼ਰੀਦਣ ਵਿੱਚ ਦਿਲਚਸਪੀ ਵਿਖਾ ਰਹੇ ਨੇ। ਜ਼ਿਕਰਯੋਗ ਹੈ ਕਿ ਅਲਫ਼ਾਜ਼ ਦੀ ਪਹਿਲੀ ਕਹਾਣੀ 'ਬੱਜੋਰੱਤਾ' ਕੁਝ ਸਮਾਂ ਪਹਿਲਾਂ ਪੰਜਾਬ ਦੇ ਚਰਚਿਤ ਸਾਹਿਤਕ ਮੈਗਜ਼ੀਨ ਵਿੱਚ ਛਪਣ ਤੋਂ ਬਾਅਦ ਚਰਚਾ ਕਰਵਾਉਣ ਵਿੱਚ ਸਫ਼ਲ ਰਹੀ ਤੇ ਇਸ ਤੋਂ ਬਾਅਦ ਕੁਕਨਸ ਪ੍ਰਕਾਸ਼ਨ ਨੇ ਅਲਫ਼ਾਜ਼ ਦੀ ਪ੍ਰਤਿਭਾ ਦੀ ਪਹਿਚਾਣ ਕਰਦਿਆਂ ਕਿਤਾਬ ਛਪਾਉਣ ਤੇ ਪਾਠਕਾਂ ਦੇ ਰੂਬਰੂ ਕਰਾਉਣ ਦਾ ਜਿੰਮਾ ਲੈਂਦਿਆਂ ਪ੍ਰਕਾਸ਼ਿਤ ਕੀਤੀ ਹੈ ਤੇ ਜਿਸਨੂੰ ਆਲੋਚਕਾਂ ਨੇ ਵੀ ਰੱਜ ਕੇ ਸਲਾਹਿਆ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ ਕਿਤਾਬ ਦੇ ਪ੍ਰਕਾਸ਼ਕ ਰਜਿੰਦਰ ਬਿਮਲ ਨੇ ਦੱਸਿਆ ਕਿ ਅਲਫ਼ਾਜ਼ ਦੀ ਨਵੀਂ ਸ਼ੈਲੀ ਤੇ ਬੇਬਾਕ ਅੰਦਾਜ਼ ਨੇ ਪਾਠਕਾਂ ਨੂੰ ਆਪਣੇ ਵੱਲ ਮੋੜਿਆ ਹੈ ਤੇ ਨੌਜਵਾਨ ਹੋਣ ਕਰਕੇ ਉਹ ਅਜੋਕੇ ਸਮੇਂ ਦੀ ਨਬਜ਼ ਤੇ ਖੁੱਲ੍ਹ ਦਿਲੀ ਨਾਲ ਹੱਥ ਰੱਖਦਾ ਹੈ ਜਿਸਦੀ ਗੱਲ ਅਜੋਕੇ ਕਹਾਣੀਕਾਰਾਂ ਨੇ ਕਰਨ ਤੋਂ ਗੁਰੇਜ ਕਰਿਆ ਹੈ ਤੇ ਇਨ੍ਹਾ ਕਾਰਨਾਂ ਕਰਕੇ ਅੱਜ ਕਿਤਾਬ ਦੇਸ਼ਾਂ ਵਿਦੇਸ਼ਾਂ ਵਿੱਚ ਚਰਚਾ ਦਾ ਕੇਂਦਰ ਬਣੀ ਹੋਈ ਹੈ ਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਪੜ੍ਹਨ ਲਈ ਆਕਿਰਸ਼ਤ ਵੀ ਕਰ ਰਹੀ ਹੈ ਤੇ ਇਸ ਗੱਲ ਦਾ ਜ਼ਿਕਰ ਕਰਨ ਤੋਂ ਵੀ ਕੋਈ ਗੁਰੇਜ਼ ਨਹੀਂ ਕਿ ਪਾਠਕ ਕਿਤਾਬ ਚੰਗੀ ਹੋਵੇ ਤਾਂ ਖ਼ਰੀਦਦੇ ਵੀ ਹਨ ਅਤੇ ਨਾਲ ਜੁੜਦੇ ਹਨ ਤੇ ਪਾਠਕਾਂ ਨਵਾਂ ਨਹੀਂ ਪੜ੍ਹਦੇ ਜਾਂ ਉਹਨਾਂ ਦਾ ਕਿਤਾਬ ਤੋਂ ਮੂੰਹ ਮੁੜ ਗਿਆ ਹੈ ਇਸ ਗੱਲ ਦੀ ਧਾਰਨਾ ਵੀ ਰੱਦ ਕਰਦੀ ਹੈ।

# ਸਿਨੇਮਾ ਘਰਾਂ ਦੀ ਚੁੱਪ ਦੇ ਨਾਲ ਹੀ ਬੰਦ ਹੋ ਗਿਆ ਯਾਦਾਂ ਦਾ ਦਰਵਾਜ਼ਾ



ਉਸ ਸਮੇਂ ਜਦੋਂ ਟੈਲੀਵਿਜ਼ਨ ਘਰ-ਘਰ ਨਹੀਂ ਪਹੁੰਚਿਆ ਸੀ ਅਤੇ ਓ. ਟੀ. ਟੀ. ਜਾਂ ਯੂਟਿਊਬ ਵਰਗੀਆਂ ਸੇਵਾਵਾਂ ਕਦੇ ਸੁਣੀਆਂ ਵੀ ਨਹੀਂ ਸਨ ਤਾਂ ਸਿਨੇਮਾ ਵੇਖਣਾ ਹੀ ਬਹੁਤ ਵੱਡੀ ਗੱਲ ਹੁੰਦੀ ਸੀ।

ਸਮੇਂ ਦੇ ਨਾਲ-ਨਾਲ ਜ਼ਿੰਦਗੀ 'ਚ ਯਾਦਾਂ ਵੀ ਬਦਲ ਜਾਂਦੀਆਂ ਹਨ। ਅਜਿਹੀ ਹੀ ਇੱਕ ਯਾਦ ਉਸ ਵੇਲੇ ਆਈ, ਜਦੋਂ ਮੈਂ ਜਲੰਧਰ ਰੇਲਵੇ ਸਟੇਸ਼ਨ ਦੇ ਕੋਲੋਂ ਲੰਘਿਆ, ਮੇਰੀ ਨਜ਼ਰ ਸਾਹਮਣੇ ਬੰਦ ਪਏ ਸੰਤ ਸਿਨੇਮਾ ਤੇ ਗਈ। ਉਸ ਵੱਲ ਵੇਖਕੇ ਇੱਕ ਪੁਰਾਣੀ ਯਾਦ ਤਾਜ਼ਾ ਹੋ ਗਈ , ਜਦੋਂ ਮੈਂ ਆਪਣੇ ਸਕੂਲ ਦੇ ਦਿਨਾਂ 'ਚ ਜਿੰਦਗੀ ਦੀ ਪਹਿਲੀ ਫਿਲਮ ਇਸ ਸਿਨੇਮਾ ਘਰ ਵਿੱਚ ਹੀ ਦੇਖੀ ਸੀ। ਪੰਜਵੀਂ ਜਮਾਤ 'ਚ ਪੜਦਿਆਂ ਸਕੂਲ ਵੱਲੋਂ ਸਭ ਨੂੰ "ਸੰਸਾਰ" ਫਿਲਮ ਵੇਖਣ ਲਈ ਲਿਆਇਆ ਗਿਆ ਸੀ। ਇਹ ਸਮਾਂ ਸਿਰਫ਼ ਇੱਕ ਫਿਲਮ ਦੇਖਣ ਦਾ ਹੀ ਨਹੀਂ ਸੀ, ਸਗੋਂ ਇੱਕ ਮਸਤੀ ਭਰਾ ਪਲ ਸੀ, ਜੋ ਕਦੇ ਭੁੱਲਿਆ ਨਹੀਂ ਜਾ ਸਕਦਾ। ਸੰਤ ਸਿਨੇਮਾ ਸਿਰਫ਼ ਇੱਕ ਇਮਾਰਤ ਹੀ ਨਹੀਂ ਸੀ, ਇਹ ਸਾਡੇ ਸ਼ਹਿਰ ਦਾ ਇੱਕ ਅਟੁੱਟ ਅੰਗ ਵੀ ਸੀ। ਉਸ ਸਮੇਂ ਜਦੋਂ ਟੈਲੀਵਿਜ਼ਨ ਘਰ-ਘਰ ਨਹੀਂ ਪਹੁੰਚਿਆ ਸੀ ਅਤੇ ਓ. ਟੀ. ਟੀ. ਜਾਂ ਯੂਟਿਊਬ ਵਰਗੀਆਂ ਸੇਵਾਵਾਂ ਕਦੇ ਸੁਣੀਆਂ ਵੀ ਨਹੀਂ ਸਨ ਤਾਂ ਸਿਨੇਮਾ ਵੇਖਣਾ ਹੀ ਇਕ ਵੱਡੀ ਗੱਲ ਹੁੰਦੀ ਸੀ। ਇਹ ਸਿਰਫ਼ ਮਨੋਰੰਜਨ ਦਾ ਸਾਧਨ ਹੀ ਨਹੀਂ ਸੀ, ਸਗੋਂ ਇਸ ਨਾਲ ਸ਼ਹਿਰ 'ਚ ਬਹੁਤ ਸਾਰੇ ਲੋਕਾਂ ਦੇ ਕਈ ਦਿਲਚਸਪ ਕਿੱਸੇ,ਕਹਾਣੀਆ ਅਤੇ ਯਾਦਾਂ ਵੀ ਜੁੜੀਆਂ ਸਨ।

ਜਲੰਧਰ ਦੇ ਕਈ ਹੋਰ ਸਿਨੇਮਾ ਹਾਲ ਵੀ ਸਾਡੇ ਬਚਪਨ ਅਤੇ ਜਵਾਨੀ ਦਾ ਹਿੱਸਾ ਰਹੇ। ਹਰੀ , ਲਾਲ ਰਤਨ, ਨਾਜ਼, ਲੱਛਮੀ, ਨਰਿੰਦਰਾ, ਸਾਇਨ ਪਾਇਲ, ਫਰੇਂਡ, ਸਤਲੁਜ, ਸੀਮਾ ਆਦਿ ਕਈ ਸਿਨੇਮਾ ਘਰਾਂ 'ਚ ਅਸੀਂ ਯਾਰਾਂ ਨਾਲ ਦੋ- ਤਿੰਨ ਘੰਟੇ ਦੀ ਮਸਤੀ ਕਰਨ ਜਾਇਆ ਕਰਦੇ ਸੀ। ਜਿਥੇ ਇੰਟਰਵਲ ਦੇ ਦੌਰਾਨ ਕੱਚ ਦੀਆਂ ਕੋਲਡ ਡਰਿੰਕ ਵਾਲੀਆਂ ਬੋਤਲਾਂ ਤੇ ਖੋਲਣ ਵਾਲੀ ਚਾਬੀ ਦੀ ਆਵਾਜ਼, ਜੋ ਕਈ ਵਾਰ ਮਨ ਵਿਚ ਅੱਜ ਵੀ ਗੂੰਜਦੀ ਹੈ। ਫਿਲਮ ਦੇ ਵਿਚਕਾਰ ਹੌਟ ਡੋਗ ਖਾਣਾ ਅਤੇ ਵਾਰ-ਵਾਰ ਵੱਖ-ਵੱਖ ਦੋਸਤਾਂ ਨਾਲ ਮਸਤੀ ਕਰਦੇ ਹੋਏ ਫ਼ਿਲਮ ਦਾ ਆਨੰਦ ਲੈਣਾ। ਹਰੇਕ ਸਿਨੇਮਾ ਹਾਲ ਦੀ ਆਪਣੀ ਹੀ ਇੱਕ ਡੂੰਘੀ ਯਾਦ ਸੀ। ਕਈ ਵਾਰ ਤਾਂ ਟਿਕਟਾਂ ਖਤਮ ਹੋ ਜਾਣ ਤੇ ਬਲੈਕ ਵਿੱਚ ਟਿਕਟਾਂ ਲੈਣੀਆਂ, ਜਦੋਂ ਪਸੰਦੀਦਾ ਫਿਲਮ ਦਾ ਪਹਿਲਾ ਹੀ ਸ਼ੋ ਵੇਖਣ ਦੀ ਲਾਲਸਾ ਹੁੰਦੀ ਸੀ। ਫਿਲਮ ਖਤਮ ਹੋਣ ਤੇ ਫਿਲਮ ਦੀਆਂ ਗੱਲਾਂ ਕਰਦੇ ਹੋਏ ਬਾਹਰ ਆਉਣਾ। ਇਹ ਯਾਦਾਂ ਸਿਰਫ਼ ਫਿਲਮਾਂ ਨਾਲ ਹੀ ਨਹੀਂ ਜੁੜੀਆਂ ਸੀ, ਸਗੋਂ ਉਹ ਸਾਰੇ ਦੋਸਤਾਂ ਦੇ ਨਾਲ਼ ਗੁਜ਼ਾਰੇ ਪਲਾਂ ਨਾਲ ਵੀ ਹਨ,ਜਦੋਂ ਅਸੀਂ ਇੱਕ ਦੂਜੇ ਨਾਲ ਹੱਸਦੇ-ਖੇਡਦੇ ਸੀ, ਫਿਲਮ ਵਿੱਚ ਮਸਤੀ ਕਰਦੇ ਸੀ। ਜਿਵੇਂ-ਜਿਵੇਂ ਸਮਾਂ ਬਦਲਦਾ ਗਿਆ, ਉਸੇ ਤਰ੍ਹਾਂ ਸਿਨੇਮਾ ਘਰਾਂ ਦੀ ਦੁਨੀਆਂ ਵੀ ਬਦਲ ਗਈ। ਸਿਨੇਮਾ ਹਾਲ ਬੰਦ ਹੋ ਗਏ, ਕਈ ਆਧੁਨਿਕਤਾ ਦੀ ਦੌੜ ਵਿੱਚ ਪਿੱਛੇ ਰਹਿ ਗਏ, ਅਤੇ ਕਈਆਂ ਦੀ ਨਵੇਂ ਟੈਕਨਾਲੋਜੀ ਵਾਲੇ ਮਲਟੀਪਲੈਕਸ ਨੇ ਇਨ੍ਹਾਂ ਦੀ ਜਗ੍ਹਾ ਲੈ ਲਈ। ਹੁਣ ਫਿਲਮਾਂ ਵੇਖਣ ਲਈ ਜਿੱਥੇ ਆਰਾਮਦਾਇਕ ਸੀਟਾਂ ਦੇ ਨਾਲ ਖਾਣ ਪੀਣ ਲਈ ਬਹੁਤ ਤਰ੍ਹਾਂ ਦੀਆਂ ਆਈਟਮਾਂ ਹਨ , ਉੱਥੇ ਹੀ ਲੋਕ ਅੰਦਰੋ ਹੀ ਮੋਬਾਈਲ 'ਤੇ ਸਟੋਰੀਆਂ ਵੀ ਪਾਉਂਦੇ ਰਹਿੰਦੇ ਹਨ।

ਅੱਜ, ਜਦੋਂ ਮੈਂ ਬੰਦ ਪਏ ਸੰਤ ਸਿਨੇਮਾ ਨੂੰ ਵੇਖਿਆ, ਤਾਂ ਅੰਦਰ ਇੱਕ ਚੁਭਨ ਮਹਿਸੂਸ ਹੋਈ। ਸਿਰਫ਼ ਇਹ ਸਿਨੇਮਾ ਹਾਲ ਨਹੀਂ ਬੰਦ ਹੋਇਆ ਸੀ, ਸਗੋਂ ਸਾਡੇ ਬਚਪਨ ਦੀਆਂ ਕਈ ਮਸਤੀ ਭਰੀਆਂ ਯਾਦਾਂ ਵੀ ਇਸਦੇ ਨਾਲ ਹੀ ਬੰਦ ਹੋ ਗਈਆਂ। ਜਲੰਧਰ ਦੇ ਕਈ ਸਿਨੇਮਾ ਘਰ ਜੋ ਸਾਡੇ ਜੀਵਨ ਦਾ ਅਹਿਮ ਹਿੱਸਾ ਸਨ, ਹੁਣ ਸਿਰਫ਼ ਇਤਿਹਾਸ ਦਾ ਹਿੱਸਾ ਬਣਕੇ ਰਹਿ ਗਏ। ਹਾਲਾਂਕਿ ਫਿਲਮਾਂ ਵੇਖਣ ਦੇ ਤਰੀਕੇ ਬਦਲ ਗਏ ਹਨ, ਪਰ ਉਸ ਪੁਰਾਣੇ ਦੌਰ ਦਾ ਸਕੂਨ ਅਤੇ ਜੋਸ਼, ਜੋ ਸਿਨੇਮਾ ਹਾਲਾਂ ਵਿੱਚ ਮਿਲਦਾ ਸੀ, ਉਹ ਮੁੜ ਨਹੀਂ ਮਿਲਿਆ।



ਬਲਦੇਵ ਸਿੰਘ ਬੇਦੀ, ਜਲੰਧਰ

# ਧੀ ਚੱਲੀ ਬਿਗਾਨੜੇ ਦੇਸ਼ ਵੇ ਬਾਬਲ



ਪੰਜਾਬੀ ਲੋਕ ਗੀਤ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਹਨ। ਟੱਪੇ , ਮਾਹੀਏ, ਸਿੱਠਣੀਆਂ, ਛੰਦ ਅਤੇ ਘੋੜੀਆਂ ਇਹ ਸਭ ਲੋਕ ਗੀਤਾਂ ਦੇ ਵੱਖੋ - ਵੱਖਰੇ ਰੂਪ ਹਨ, ਜੋ ਵੱਖ-ਵੱਖ ਸਮੇਂ 'ਤੇ ਗਾਏ ਜਾਂਦੇ ਹਨ। ਇਨ੍ਹਾਂ ਲੋਕ ਗੀਤਾਂ ਦਾ ਇੱਕ ਰੂਪ ਸੁਹਾਗ ਹੈ। ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਇਸਤਰੀਆਂ ਵਲੋਂ ਗਾਏ ਜਾਂਦੇ ਲੋਕ-ਗੀਤ ਸੁਹਾਗ ਅਖਵਾਉਂਦੇ ਹਨ। ਸੁਹਾਗ ਦੇ ਗੀਤ ਨੂੰ ਕੁੜੀਆਂ ਤੇ ਇਸਤਰੀਆਂ ਰਲ ਕੇ ਗਾਉਂਦੀਆਂ ਹਨ। ਗਾਉਣ ਦੀਆਂ ਲੋੜਾਂ ਅਨੁਸਾਰ ਇਹਨਾਂ ਵਿੱਚ ਸ਼ਬਦਾ, ਵਾਕਾਂਸ਼ਾ ਜਾਂ ਵਾਕਾਂ ਦਾ ਦੁਹਰਾਅ ਹੁੰਦਾ ਹੈ। ਇਹਨਾਂ ਲੋਕ ਗੀਤਾਂ ਵਿੱਚ ਵਿਆਹੀ ਜਾਣ ਵਾਲੀ ਕੁੜੀ ਦੇ ਪੇਕੇ ਪਰਿਵਾਰ ਦੇ ਜੀਆਂ ਨਾਲ ਵਿਭਿੰਨ ਰਿਸ਼ਤੇ ਅਤੇ ਫਿਰ ਸਹੁਰੇ ਘਰ ਵਿੱਚ ਨਵੇਂ ਬਣੇ ਰਿਸ਼ਤੇ ਵਾਰ-ਵਾਰ ਆਏ ਹਨ। ਰਿਸ਼ਤਿਆਂ ਦੇ ਇਸ ਤਾਣੇ-ਬਾਣੇ ਵਿੱਚ ਕਿਤੇ ਨਿੱਘ ਹੈ,
ਕਿਤੇ ਤਨਾਅ ਹੈ ਅਤੇ ਕਿਤੇ ਵਿਛੋੜੇ ਦਾ ਦਰਦ ਹੈ -

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ
ਬੈਠ ਕਸੀਦਾ ਕੱਢ ਰਹੀ ਆਂ
ਆਉਂਦੇ ਜਾਂਦੇ ਰਾਹੀ ਪੁੱਛਦੇ ਮੈਨੂੰ
ਤੂੰ ਕਿਉਂ ਬੀਬੀ ਰੋ ਰਹੀ ਆਂ
ਬਾਬਲ ਮੇਰੇ ਕਾਜ ਰਚਾਇਆ
ਮੈਂ ਪਰਦੇਸਣ ਹੋ ਰਹੀ ਆਂ।

ਵਿਆਹ ਹਰੇਕ ਵਿਅਕਤੀ ਦੀ ਸਮਾਜਿਕ ਜ਼ਿੰਦਗੀ ਦੀ ਇੱਕ ਮਹੱਤਵਪੂਰਨ ਘਟਨਾ ਹੈ। ਵਿਆਹ ਲੜਕੀ ਲਈ ਲਾਡਾਂ, ਪਿਆਰਾਂ ਦੇ ਪੇਕੇ ਸੰਸਾਰ ਵਿੱਚੋਂ ਵਿਦਾ ਹੋ ਕੇ ਸਹੁਰੇ ਘਰ ਦੇ ਅਣਦੇਖੇ ਸੰਸਾਰ ਵਿੱਚ ਪ੍ਰਵੇਸ਼ ਕਰਨ ਦੀ ਰੀਤ ਦਾ ਨਾਂ ਹੈ। ਇਹ ਲੋਕ ਗੀਤ ਵਿਆਹੀ ਜਾਣ ਵਾਲੀ ਕੁੜੀ ਦੇ ਮਨੋਭਾਵਾਂ, ਵਿਆਹ ਦੀ ਕਾਮਨਾ , ਸੋਹਣੇ ਵਰ ਅਤੇ ਚੰਗੇ ਘਰ ਦੀ ਲੋਚਾ, ਮਾਪਿਆਂ ਦਾ ਘਰ ਛੱਡਣ ਦਾ ਦਰਦ ਆਦਿ ਦੇ ਪ੍ਰਗਟਾ ਦਾ ਮਾਧਿਅਮ ਬਣਦੇ ਹਨ। ਹਰ ਧੀ ਨੂੰ ਇੱਕ ਦਿਨ ਆਪਣਾ ਘਰ ਛੱਡ ਬਿਗਾਨੇ ਘਰ ਜਾਣਾ ਹੀ ਪੈਂਦਾ ਹੈ। ਇਨ੍ਹਾਂ ਲੋਕ ਗੀਤਾਂ ਵਿੱਚ ਇਸਦਾ ਜ਼ਿਕਰ ਬਾਖੂਬੀ ਮਿਲਦਾ ਹੈ -

ਗਲੀਆਂ ਤੇ ਹੋਈਆਂ ਬਾਬਲ ਭੀੜੀਆਂ
ਮੇਰਾ ਆਂਗਨ ਹੋਇਆ ਪਰਦੇਸ ਵੇ ਬਾਬਲ
ਰੱਖ - ਰੱਖ ਬਾਬਲ ਘਰ ਆਪਣੇ
ਧੀ ਚੱਲੀ ਬਿਗਾਨੜੇ ਦੇਸ਼ ਵੇ ਬਾਬਲ ...

ਧੀ ਜਦ ਜਵਾਨ ਹੁੰਦੀ ਹੈ ਤਾਂ ਉਸ ਦੇ ਮਨ ਅੰਦਰ ਜਿੱਥੇ ਇੱਕ ਪਾਸੇ ਪਰਿਵਾਰ ਤੋਂ ਦੂਰ ਜਾਣ ਦਾ ਦਰਦ ਹੁੰਦਾ ਹੈ, ਦੂਸਰੇ ਪਾਸੇ ਨਵੇਂ ਰਿਸ਼ਤੇ - ਨਾਤੇ ਬਣਨ ਦਾ ਚਾਅ ਵੀ ਹੁੰਦਾ ਹੈ। ਉਸ ਦੇ ਨਾਲ ਦੀਆਂ ਸਾਰੀਆਂ ਜਦ ਵਿਆਹ ਕੇ ਆਪਣੇ ਘਰ ਚਲੇ ਜਾਂਦੀਆਂ ਹਨ ਤਾਂ ਉਹ ਵੀ ਆਪਣੀ ਮਾਂ ਨੂੰ ਬਾਬਲ ਨੂੰ ਸਮਝਾਉਣ ਅਤੇ ਜਲਦੀ ਤੋਂ ਜਲਦੀ ਉਸ ਦਾ ਵਿਆਹ ਕਰਵਾਉਣ ਲਈ ਆਖਦੀ ਹੈ -

ਸੁਣ ਨੀ ਮਾਤਾ ਮੇਰੀਏ
ਮੇਰੇ ਬਾਬਲ ਨੂੰ ਸਮਝਾ
ਧੀ ਹੋਈ ਲਟ ਬਾਵਰੀ
ਕਿਸੇ ਨੌਕਰ ਦੇ ਲੜ ਲਾ ...

ਜਿਹੜੇ ਸਮਾਜਿਕ ਵਾਤਾਵਰਨ ਵਿੱਚ ਸੁਹਾਗ ਦੇ ਇਹ ਲੋਕ ਗੀਤ ਉਪਜੇ ਹਨ, ਉਸ ਵਿੱਚ ਕੁੜੀ ਦੇ ਵਿਆਹ ਦਾ ਨਿਰਣਾ ਬਾਬਲ ਕਰਦਾ ਹੈ। ਇਸ ਲਈ ਬਹੁਤੇ ਸੁਹਾਗ ਧੀ ਦੇ ਵਲੋਂ ਬਾਬਲ ਨੂੰ ਸੰਬੋਧਿਤ ਹਨ ਜਿਵੇਂ -

ਵੇ ਬਾਬਲ ਵਰ ਤੇ ਟੋਲਿਓ ਜੀ
ਕੋਈ ਹਾਣੋ - ਹਾਣੀ
ਵੇ ਬਾਬੁਲ ਵੱਡਾ ਨਾ ਸਹੇੜਿਓ ਜੀ
ਮੇਰੀ ਉਮਰ ਅੰਞਾਣੀ
ਵੇ ਬਾਬਲ ਨਿੱਕਾ ਨਾ ਸਹੇੜਿਓ ਜੀ
ਜਿਨੇ ਸਾਰ ਨਾ ਜਾਣੀ ...

ਪੇਕੇ ਘਰ ਦੀ ਸੁਰੱਖਿਆ ਦੇ ਮੁਕਾਬਲੇ ਸਹੁਰੇ ਘਰ ਦਾ ਮਾਹੌਲ ਹਰੇਕ ਲੜਕੀ ਲਈ ਅਣਜਾਣ ਹੁੰਦਾ ਹੈ। ਇਸ ਲਈ ਉਹ ਪਹਿਲਾਂ ਹੀ ਬਾਬਲ ਅੱਗੇ ਬੇਨਤੀ ਕਰਦੀ ਹੈ ਕਿ ਉਹ ਉਸ ਲਈ ਇਹੋ ਜਿਹੇ ਘਰ-ਪਰਿਵਾਰ ਦੀ ਭਾਲ ਕਰੇ ਜਿੱਥੇ ਨਾ ਤਾਂ ਉਸਨੂੰ ਕੱਚੇ ਕੋਠੇ ਲਿੱਪਣੇ ਪੈਣ ਤੇ ਨਾਂ ਹੀ ਬਹੁਤੇ ਰੀਤੀ - ਰਿਵਾਜ ਮੰਨਣੇ ਪੈਣ -

ਕੱਚੇ ਕੋਠੇ ਵਾਲੇ ਘਰ ਨਾ ਦਈਂ ਬਾਬਲਾ
ਸਾਥੋਂ ਲਿੱਪੇ ਨਾਂ ਜਾਣ ਵੇ ਬਨੇਰੇ ਬਾਬਲਾ
ਸੱਸ - ਸਹੁਰੇ ਵਾਲੇ ਘਰ ਵੀ
ਨਾ ਦਈਂ ਬਾਬੁਲਾ
ਸਾਥੋਂ ਹੁੰਦੇ ਨਾ
ਰੀਤੀਆਂ -
ਰਿਵਾਜ ਬਾਬਲਾ
...

ਹਰ ਲੜਕੀ ਚਾਹੁੰਦੀ ਹੈ ਕਿ ਉਸ ਦਾ ਵਿਆਹ ਉਸ ਘਰ ਹੋਵੇ , ਜਿਸ ਦੀ ਸਮਾਜ ਵਿੱਚ ਚੰਗੀ ਸਾਖ ਹੋਵੇ। ਸੱਸ-ਸਹੁਰਾ ਉਸ ਨੂੰ ਮਾਂ -ਪਿਓ ਵਾਲਾ ਪਿਆਰ ਦੇਣ, ਇਸ ਲਈ ਉਹ ਆਪਣੇ ਬਾਬਲ ਨੂੰ ਆਖਦੀ ਹੈ -

ਦੇਈਂ -ਦੇਈਂ ਵੇ ਬਾਬਲਾ ਉਸ ਘਰੇ
ਜਿੱਥੇ ਸੱਸ ਭਲੀ ਪ੍ਰਧਾਨ
ਸੁਹਰਾ ਸਰਦਾਰ ਹੋਵੇ
ਸਹੁਰਾ ਬਵੇ ਵਿੱਚ ਕਚਹਿਰੀਆਂ
ਸੱਸ ਪਾਏ ਨਾ ਮੱਥੇ ਵੱਟ
ਬਾਬਲ ਤੇਰਾ ਪੁੰਨ ਹੋਵੇ ...

ਬਾਬਲ ਲਈ ਧੀ ਦਾ ਵਿਆਹ ਇੱਕ ਅਜਿਹਾ ਕਾਰਜ ਹੁੰਦਾ ਹੈ , ਜੋ ਧਰਮ ਕਹਾਉਂਦਾ ਹੈ ਜਿਸ ਕਾਰਨ ਉਸ ਦਾ ਜੱਸ ਹੁੰਦਾ ਹੈ ਤੇ ਪੁੰਨ ਵੀ ਮਿਲਦਾ ਹੈ , ਪਰ ਫਿਰ ਵੀ ਧੀ ਵਿਆਹੁਣ ਸਮੇਂ ਉਸ ਨੂੰ ਨਿਵਣਾ ਹੀ ਪੈਂਦਾ ਹੈ ,

ਬਾਬਲ ਕਿਉਂ ਨੀਵਿਆ
ਨੀਂ ਧਰਮੀ ਕਿਉਂ ਨੀਵਿਆ
ਇਸ ਬਾਬਲ ਘਰ ਕੰਨਿਆ ਕੰਵਾਰੀ
ਨੀਂ ਬਾਬੁਲ ਧਰਮੀ ਤਾਂ ਨੀਵਿਆ ...

ਫਿਰ ਬਾਬਲ ਵਲੋਂ ਜਦੋਂ ਧੀ ਦਾ ਕਾਜ ਰਚਾਇਆ ਜਾਂਦਾ ਹੈ ਤਾਂ ਸਾਰੇ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਸੱਜਣ-ਮਿੱਤਰ ਨਾਲ ਆ ਜੁੜਦੇ ਹਨ। ਇਸ ਤਰ੍ਹਾਂ ਇਹ ਕਾਰਜ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਬਣ ਜਾਂਦਾ ਹੈ।

ਬਾਬਲ ਕਾਜ ਰਚਾਇਆ
ਸਭ ਪਰਿਵਾਰ ਬੁਲਾਇਆ ...

ਹਰੇਕ ਧੀ ਲਈ ਉਸ ਦਾ ਬਾਬਲ ਰਾਜਾ ਹੁੰਦਾ ਹੈ ਤੇ ਧੀ ਨੂੰ ਆਪਣੇ ਬਾਬਲ ਦੀ ਇੱਜਤ ਤੇ ਉਸ ਦੇ ਰੁੱਤਬੇ ਦੀ ਪੂਰੀ ਪ੍ਰਵਾਹ ਹੁੰਦੀ ਹੈ , ਜਿਸ ਦਾ ਵਰਨਣ ਸੁਹਾਗ ਰੂਪੀ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ -



ਜਿਸ ਦਾ ਜ਼ਿਕਰ ਲੋਕ ਗੀਤਾਂ ਵਿੱਚ ਵੀ ਹੁੰਦਾ ਹੈ -

ਅੱਜ ਕਿਸੇ ਰਾਜੇ ਨੇ ਆਉਣਾ
ਮੇਰੇ ਬਾਬਲ ਦੇ ਵਿਹੜੇ
ਮੇਰੇ ਬਾਬਲ ਦੇ ਲਾਗੀਓ
ਖਾਣਾ ਖ਼ੂਬ ਪਕਾਇਓ
ਬਾਬਲ ਦੇਸ਼ਾ ਦਾ ਰਾਜਾ
ਮਤ ਕਿਤੇ ਨਿੰਦਿਆ ਨਾ ਜਾਵੇ ...

ਫਿਰ ਜਦੋਂ ਇੱਕ ਬਾਬਲ ਆਪਣੀ ਹੱਥੀਂ ਪਾਲੀ - ਪਰੋਸੀ ਧੀ ਨੂੰ ਵਿਦਾ ਕਰਦਾ ਹੈ ਤਾਂ ਉਸ ਸਮੇਂ ਉਸ ਦੇ ਨਾਲ-ਨਾਲ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ। ਧੀ ਬਾਬਲ ਅੱਗੇ ਇੱਕ ਦਿਹਾੜੀ ਹੋਰ ਆਪਣੇ ਕੋਲ ਰੱਖਣ ਦੀ ਫਰਿਆਦ ਕਰਦੀ ਹੈ,ਪਰ ਸਮਾਜਿਕ ਰੀਤੀ-ਰਿਵਾਜ ਕਾਰਨ ਬਾਬਲ ਅਜਿਹਾ ਕਰਨ ਦੇ ਸਮਰੱਥ ਨਹੀਂ ਹੁੰਦਾ। ਜਿਸਦਾ ਵਰਨਣ ਸਾਡੇ ਸੁਹਾਗ ਰੂਪੀ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ -

ਬਾਬਲ ਵਿਦਾ ਕਰੇਂਦਿਆ
ਮੈਨੂੰ ਰੱਖ ਲੈ ਅੱਜ ਦੀ ਰਾਤ ਜੀ
ਕੀਕਣ ਰੱਖਾਂ ਬੇਟੀਏ
ਖੜੇ ਸਾਜਣ ਬੂਹਿਓ ਬਾਹਰ ਜੀ ...

ਆਖਿਰ ਇਨਾਂ ਰੀਤੀ - ਰਿਵਾਜਾਂ ਵਿੱਚ ਬੱਝੀ ਧੀ ਨੂੰ ਆਪਣੇ ਬਾਬਲ ਦਾ ਘਰ ਛੱਡ ਪ੍ਰਦੇਸਣ ਹੋਣਾ ਹੀ ਪੈਂਦਾ ਹੈ। ਮਜ਼ਬੂਰ ਬਾਬਲ ਆਪਣੇ ਹੱਥੀਂ ਆਪਣੇ ਜਿਗਰ ਦੇ ਟੁਕੜੇ ਨੂੰ ਬੇਗਾਨੇ ਹੱਥੀਂ ਸੌਂਪ ਦਿੰਦਾ ਹੈ।

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ
ਸਾਡੀ ਲੰਬੀ ਉਡਾਰੀ ਵੇ
ਬਾਬਲ ਕਿਹੜੇ ਦੇਸ਼ ਜਾਣਾ ...

ਇਸ ਤਰ੍ਹਾਂ ਇਹ ਸੁਹਾਗ ਰੂਪੀ ਲੋਕ ਗੀਤ ਇੱਕ ਧੀ ਦੇ ਉਸ ਦੇ ਆਪਣੇ ਮਾਪਿਆਂ ਅਤੇ ਪੇਕੇ ਘਰ ਨਾਲੋਂ ਜੁਦਾ ਹੋਣ ਦੇ ਦਰਦ ਨੂੰ ਬਾਖ਼ੂਬੀ ਬਿਆਨ ਕਰਦੇ ਹਨ। ਇਨ੍ਹਾਂ ਲੋਕ ਗੀਤਾਂ 'ਚ ਜਿੱਥੇ ਜੁਦਾਈ ਦਾ ਦਰਦ ਹੈ , ਉੱਥੇ ਹੀ ਦੂਸਰੇ ਪਾਸੇ ਨਵੇਂ ਰਿਸ਼ਤਿਆਂ ਨਾਲ ਜੁੜਨ ਦਾ ਚਾਅ ਵੀ ਝਲਕਦਾ ਹੈ ਪਰ ਅਫਸੋਸ ਅੱਜ ਦੀ ਨੌਜਵਾਨ ਪੀੜ੍ਹੀ ਇਨਾਂ ਸੁਹਾਗ ਰੂਪੀ ਲੋਕ ਗੀਤਾਂ ਨੂੰ ਵਿਸਾਰ ਚੁੱਕੀ ਹੈ। ਹੁਣ ਨਾ ਤਾਂ ਧੀ ਦੇ ਵਿਆਹ 'ਤੇ ਸੁਹਾਗ ਸੁਣਨ ਨੂੰ ਮਿਲਦੇ ਹਨ ਅਤੇ ਨਾ ਹੀ ਮੁੰਡੇ ਦੇ ਵਿਆਹ ਵਿੱਚ ਘੋੜੀਆਂ ਪਰ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਇਸ ਅਮੀਰ ਵਿਰਾਸਤ ਨਾਲ ਜੋੜਨਾ ਬਹੁਤ ਜ਼ਰੂਰੀ ਹੈ, ਤਾਂ ਹੀ ਇਹ ਲੋਕ ਗੀਤ ਪੀੜ੍ਹੀ ਦਰ ਪੀੜ੍ਹੀ ਸਾਡੇ ਨਾਲ ਚਲ ਸਕਦੇ ਹਨ।

ਮੇਰੇ ਬੂਹੇ 'ਤੇ ਆਇਆ
ਮਾਹੀ ਨੀ ਮਾਂ
ਮੈਂ ਤਾਂ ਹੋਈ ਆਂ ਅੱਜ
ਪਰਾਈ ਨੀ ਮਾਂ।



ਜਸਪ੍ਰੀਤ ਕੌਰ ਸੰਘਾ
ਹੁਸ਼ਿਆਰਪੁਰ।
99150-33176

## ਮਸਲਾ ਗੁਰਦਾਸ ਮਾਨ ਦੀ ਮੁਆਫੀ ਦਾ

# ਤਾਲੋਂ ਖੁੰਝੀ ਡੂਮਣੀ, ਗਾਵੇ ਆਲ ਪਤਾਲ

ਸਿਆਣੇ ਕਹਿੰਦੇ ਹਨ ਕਿ ਜੇਕਰ ਕਿਸੇ ਦੇ ਪਾਸ ਕੋਈ ਕਲਾ ਹੈ ਤੇ ਉਸ ਕਲਾ ਦੇ ਬਲਬੂਤੇ ਜੇਕਰ ਉਸ ਨੂੰ ਮਾਣ ਜੱਸ ਦੀ ਪ੍ਰਾਪਤੀ ਹੋ ਜਾਵੇ ਤਾਂ ਉਹ ਮਾਣ ਜੱਸ ਦਿਲ ਚ ਰੱਖਣਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਨਿਮਰ ਭਾਵਨਾ ਬਣੀ ਰਹਿੰਦੀ ਹੈ ਤੇ ਸੰਬੰਧਿਤ ਕਲਾਕਾਰ ਦਾ ਨਾਮ ਹੋਰ ਬੁਲੰਦ ਹੁੰਦਾ ਹੈ , ਪਰੰਤੂ ਜੇਕਰ ਪ੍ਰਾਪਤ ਹੋਇਆ ਮਾਣ ਜੱਸ ਤੇ ਧਨ ਦੌਲਤ ਦਿਮਾਗ ਨੂੰ ਚੜ੍ਹ ਜਾਵੇ ਤਾਂ ਸੰਬੰਧਿਤ ਕਲਾਕਾਰ ਦੀ ਚੜ੍ਹਦੀਕਲਾ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਂਦੀ ਹੈ । ਗੁਰਦਾਸ ਮਾਨ ਨਾਲ ਵੀ ਪਿਛਲੇ ਪੰਜ ਕੁ ਸਾਲ ਤੋਂ ਏਹੀ ਕੁੱਜ ਹੋ ਵਾਪਰ ਰਿਹਾ ਹੈ । ਹਿੰਦੀ ਮਾਸੀ ਨਾਲ ਪ੍ਰੇਮ ਤੇ ਪੰਜਾਬੀ ਮਾਂ ਬੋਲੀ ਤੋ ਦੂਰੀ ਬਣਾ ਕੇ ਚੱਲਣ ਤੋਂ ਸ਼ੁਰੂ ਹੋਈ ਚਰਚਾ ਕਨੇਡਾ ਦੇ ਇਕ ਸ਼ੋਅ ਦੋਰਾਨ ਬੋਲੇ ਗਏ ਅਪਸ਼ਬਦਾਂ ਰਾਹੀਂ ਹੁੰਦੀ ਹੋਈ, ਕਿਸਾਨ ਅੰਦੋਲਨ ਚ ਜਾ ਮੁਆਫੀ ਮੰਗਣ ਤੋਂ ਹੁੰਦੀ ਹੋਈ "ਗੱਲ ਸੁਣੋ ਪੰਜਾਬੀਓ" ਦੇ ਫੇਹਲ ਹੋਏ ਪੈਂਤੜਿਆਂ ਤੋਂ ਹੁੰਦੀ ਹੋਈ ਹੁਣਵੀ ਮੁਆਫੀ ਮੰਗਣ ਵਾਲੀ ਸ਼ੋਸ਼ਲ ਡੀਡੀਏ ਚ ਵਾਇਰਲ ਹੋਈ ਤਾਜਾ ਵੀਡੀਓ ਆ ਤੱਕ ਪਹੁੰਚੀ ਹੈ ।

ਆਪਣੀ ਗੱਲ 'ਤੇ ਅੜੇ ਰਹਿਣਾ, ਗਲਤੀ ਸਵਿਕਾਰ ਨਾ ਕਰਨਾ ਤੇ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਉਸ ਦੀ ਜ਼ਿਦ ਨੇ ਉਸ ਨੂੰ ਲਗਾਤਾਰ ਲੋਕ ਮਾਨਸਿਕਤਾ ਨਾਲ਼ੋਂ ਤੋੜਨ ਵਾਲੇ ਰਸਤੇ ਹੀ ਤੋਰਿਆ ਹੈ ।ਵਿਡੰਬਣਾ ਇਹ ਵੀ ਹੈ ਕਿ ਗੁਰਦਾਸ ਮਾਨ ਨੇ ਜਾਂ ਤਾਂ ਲੋਕ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਇਸ ਨੂੰ ਸਮਝਣ ਦੀ ਲੋੜ ਹੀ ਨਹੀਂ ਸਮਝੀ ਤੇ ਜਾਂ ਫਿਰ ਇਹ ਉਸ ਦੀ ਸਮਝ ਤੇ ਪਰੇ ਦੀ ਗੱਲ ਹੈ, ਇਸ ਗੱਲ ਦਾ ਜਵਾਬ ਤਾਂ ਗੁਰਦਾਸ ਮਾਨ ਹੀ ਦੇ ਸਕਦਾ ਹੈ, ਪਰ ਇਕ ਗੱਲ ਪੱਕੀ ਹੈ ਕਿ ਅਜਿਹਾ ਨਾ ਕਰਨ ਕਰਕੇ , ਹੁਣ ਤੱਕ ਉਸ ਦਾ ਹਰ ਪੱਖੋਂ ਨੁਕਸਾਨ ਹੀ ਹੋਇਆ ਹੈ । ਜਿਹਨਾਂ ਪੰਜਾਬੀਆਂ ਨੇ ਉਸ ਦੀ ਗੁੱਡੀ ਆਸਮਾਨੇ ਚੜ੍ਹਾਈ ਸੀ, ਉਹਨਾਂ ਨੇ ਹੀ ਮੁੜ ਪਟਕਾ ਕੇ ਜਮੀਨ 'ਤੇ ਲਿਆ ਸੁੱਟੀ ਹੈ ।

ਗੁਰਦਾਸ ਮਾਨ ਆਪਣੇ ਨਾਲ ਸ਼ੁਰੂ ਹੋਏ ਵਿਵਾਦ ਵਿੱਚ ਲਗਾਤਾਰ ਉਲਝਦਾ ਹੀ ਜਾ ਰਿਹਾ ਹੈ । ਹੁਣ ਆਹ ਪੰਜਵੀਂ ਵਾਰ ਰੋਅ ਰੋਅ ਕੇ ਮੁਆਫੀ ਮੰਗਣ ਵਾਲੀ ਵੀਡੀਓ ਅਤੇ ਬੱਤੀ ਲੈਣ ਦੀ ਨਵੀਂ ਪਰਿਭਾਸ਼ਾ ਕਰਨ ਨਾਲ ਉਹ ਲੋਕ ਮਨਾਂ ਵਿਚੋਂ ਹੋਰ ਵੀ ਦੂਰ ਪਰੇ ਹੋ ਗਿਆ ਹੈ । ਉਸ ਦੀ ਮਾਨਸਿਕ ਹਾਲਤ ਇਸ ਵੇਲੇ ਤਾਲੋਂ ਖੁੰਝੀ ਡੂਮਣੀ , ਗਾਵੇ ਆਲ ਪਤਾਲ ਵਾਲੀ ਬਣੀ ਹੋਈ ਹੈ । ਆਪਣੇ ਆਪ ਨੂੰ ਬਹਤਾ ਸਿਆਣਾ ਸਮਝਣ ਵਾਲਾ ਗੁਰਦਾਸ ਮਾਨ ਝੱਲਾ ਬਣ ਚੁੱਕਾ ਹੈ ਤੇ ਵਾਰ ਵਾਰ ਝੱਲ ਖਿਲਾਰ ਕੇ ਇਕ ਸਧਾਰਨ ਜਿਹੇ ਮਸਲੇ ਨੂੰ ਏਨਾ ਕੁ ਵਿਗਾੜ ਚੁੱਕਾ ਹੈ ਕਿ ਹੁਣ ਇਸ ਮਸਲੇ ਦੇ ਸਮਾਪਤ ਹੋਣ ਦੇ ਅਸਾਰ ਬਹੁਤ ਮੱਧਮ ਪੈ ਚੁੱਕੇ ਹਨ, ਲੋਕ ਦਿਲਾਂ 'ਤੇ ਰਾਜ ਕਰਨ ਵਾਲਾ ਮਾਨ ਗਾਇਕੀ ਦੇ ਖੇਤਰ ਵਿਚ ਅਕਾਸ਼ੀਂ ਉਡਾਰੀਆਂ ਮਾਰਨ ਤੇ ਮੂੰ ਹ ਮੰਗੀ ਫੀਸ ਵਸੂਲਣ ਵਾਲਾ ਕਲਾਕਾਰ ਅੱਜ ਮੂਧੇ ਮੂੰਹ ਇਕ ਚੱਲੀ ਹੋਈ ਆਤਿਸ਼ਬਾਜੀ ਵਾਂਗ ਅਸਮਾਨੋਂ ਡਿਗਕੇ ਜਮੀਨ ਉਤੇ ਸਪਾਟ ਪਿਆ ਤੜਫ ਰਿਹਾ ਹੈ, ਪਰ ਆਪਣੀ ਜਿਦ ਛੱਡਕੇ ਗਲਤੀ ਮੰਨਣ ਨੂੰ ਅਜੇ ਵੀ ਤਿਆਰ ਨਹੀਂ ।

"ਗੱਲ ਸੁਣੋ ਪੰਜਾਬੀ ਦੋਸਤੋ" ਨਾਮ ਦੇ ਗੀਤ ਨਾਲ ਉਹ ਚੌਥੀ ਵਾਰ ਪੰਜਾਬੀ ਮਾਨਸਿਕਤਾ ਨੂੰ ਸਮਝਣੋ ਉਕ ਗਿਆ ਸੀ। ਪਹਿਲੀ ਵਾਰ ਕਨੇਡਾ ਵਿਚਲੇ ਸਰੀ ਚ ਚੱਲਦੇ ਰੈੱਡ ਐਫ ਐਮ ਰੇਡੀਓ ਦੇ ਇੰਟਰਵਿਊ ਵਿਚ ਉਸਨੇ ਇੱਕ ਰਾਸ਼ਟਰ: ਇੱਕ ਭਾਸ਼ਾ ਦੀ ਗੱਲ ਕਰਕੇ ਹਿੰਦੀ ਭਾਸ਼ਾ ਦੀ ਵਕਾਲਤ ਕੀਤੀ , ਦੂਜੀ ਵਾਰ ਚਲਦੇ ਪ੍ਰੋਗਰਾਮ 'ਚ ਵਿਰੋਧ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਬੱਤੀ ਬਣਾ ਕੇ ਪਿਛਵਾੜੇ ਲੈਣ ਵਾਲੀ ਗਾਲ੍ਹ ਕੱਢਕੇ, ਤੀਜੀ ਵਾਰ ਕਿਸਾਨ ਅੰਦੋਲਨ ਸਮੇਂ ਮੋਦੀ ਸਰਕਾਰ ਦਾ ਵਿਰੋਧ ਕਰਨ ਦੀ ਬਜਾਏ ਮੋਰਚੇ ਚ ਪਹੁੰਚ ਕੇ ਆਪਣੇ ਹੀ ਮਸਲੇ ਦਾ ਪਟਾਰਾ ਖੋਹਲਣ ਦੀ ਅਸਫਲ ਕੋਸ਼ਿਸ ਕਰਕੇ, ਫਿਰ ਗੱਲ ਸੁਣੋ ਪੰਜਾਬੀਓ ਗੀਤ ਵਿਚਲੇ ਬੋਲਾਂ ਨਾਲ ਤੇ ਹੁਣ ਬੇਤੀ ਦੀ ਨਵੀਂ ਪਰਿਭਾਸ਼ਾ ਕਰਕੇ ਆਪਣੇ ਆਪ ਨੂੰ ਇਕ ਵਾਰ ਠੀਕ ਸਿੱਧ ਕਰਨ ਦੀ ਅਸਫਲ ਕੋਸ਼ਿਸ਼ ਕਰਕੇ ।

ਸਰੀ ਵਿਖੇ ਹੋਏ ਉਸ ਦੇ ਸਟੇਜ ਸ਼ੋਅ ਵਾਲੀ ਘਟਨਾ ਦੀ ਸਮੁੱਚੀ ਵੀਡੀਓ ਦੇਖਣ ਤੋਂ ਬਾਅਦ ਮੈਂ ਇਹ ਗੱਲ ਬਿਨਾ ਕਿਸੇ ਝਿਜਕ ਕਹਿ ਸਕਦਾ ਹਾਂ ਕਿ ਉਸ ਨੂੰ ਕਦੇ ਵੀ ਕਿਸੇ ਨੇ ਮਾਂ ਦੀ ਗਾਲ ਨਹੀ ਕੱਢੀ ਪਰ ਮਾਂ ਦੇ ਓਹਲੇ ਹੇਠ ਉਸ ਨੇ ਆਪਣੇ ਦੁਆਰਾ ਕੱਢੀ ਹੋਈ ਗਾਲ ਨੂੰ ਸਹੀ ਸਾਬਤ ਕਰਨ ਦੀ ਜੋ ਕੋਸ਼ਿਸ਼ ਕੀਤੀ ਹੈ ਉਸ ਨਾਲ ਪੰਜਾਬੀ ਮਨਾ ਚ ਮਾਨ ਦੇ ਪ੍ਰਤੀ ਦੂਰੀ ਹੋਰ ਵਧੀ ।

ਗੱਲ ਸੁਣੋ ਪੰਜਾਬੀਓ ਗੀਤ ਵਿੱਚ ਗੁਰਦਾਸ ਮਾਨ ਭਾਵੁਕ ਘੱਟ ਪਰ ਉਦਾਸ ਤੇ ਮਾਯੂਸ ਵਧੇਰੇ ਨਜਰ ਆਏ ਸਨ । ਉਹਨਾਂ ਦੀ ਬੌਡੀ ਲੈਂਗੁਏਜ ਬਿਖਰੀ ਹੋਈ ਨਜ਼ਰ ਆ ਰਹੀ ਸੀ । ਸਾਰੇ ਗਾਣੇ ਵਿੱਚੋਂ ਇਹ ਅਹਿਸਾਸ ਹੋ ਰਿਹਾ ਸੀ ਕਿ ਗੁਰਦਾਸ ਮਾਨ ਅੰਦਰ ਕੀਤੀ ਗਈ ਗਲਤੀ ਦਾ ਅਫ਼ਸੋਸ ਜਾਂ ਝੁਰੇਵਾਂ ਤਾਂ ਜਰੂਰ ਹੈ, ਪਰ ਗਲਤੀ ਮੰਨਣ ਵਾਸਤੇ ਉਸ ਦੀ ਹਓ ਹੈਕੜੀ ਉਸ ਦੀ ਬਿਲਕੁਲ ਵੀ ਪੇਸ਼ ਨਹੀਂ ਜਾਣ ਦਿੰਦੀ ।



ਮਨੁੱਖ ਗਲਤੀਆਂ ਦਾ ਪੁਤਲਾ ਹੈ । ਭੁੱਲਾਂ ਹਰੇਕ ਤੋ ਹੋ ਜਾਂਦੀਆਂ ਹਨ ਪਰ ਭੁਲ ਬਖ਼ਸ਼ਾਉਣ ਦੀ ਜੁਗਤੀ ਬਹੁਤ ਘੱਟ ਲੋਕਾਂ ਕੋਲ ਹੁੰਦੀ ਹੈ । ਕਈ ਅਜਿਹੇ ਵੀ ਹੁੰਦੇ ਹਨ ਕਿ ਉਹ ਇਕ ਭੁਲ ਕਰਨ ਤੋ ਬਾਅਦ ਹੋਈ ਭੁੱਲ ਨੂੰ ਰਫਾ ਦਫ਼ਾ ਕਰਨ ਵਾਸਤੇ ਹੋਰ ਬਹੁਤ ਸਾਰੀਆਂ ਭੁੱਲਾਂ ਕਰ ਜਾਂਦੇ ਹਨ । ਆਪਣੀ ਭੁੱਲ ਨੂੰ ਸਹੀ ਦੱਸਣ ਵਾਸਤੇ ਉਹਨਾਂ ਦੁਆਰਾ ਦਿੱਤੇ ਗਏ ਦਲੀਲ ਤੇ ਸ਼ਪੱਸ਼ਟੀਕਰਨ, ਉਹਨਾ ਦੁਆਰਾ ਕੀਤੀ ਗਈ ਪਹਿਲੀ ਭੁੱਲ ਨੂੰ ਲੋਕ ਮਨਾਂ ਚ ਹੋਰ ਪੱਕਾ ਕਰ ਜਾਂਦੇ ਹਨ । ਦਰਅਸਲ ਗੁਰਦਾਸ ਮਾਨ ਨਾਲ ਵੀ ਏਹੀ ਕੁੱਜ ਹੋ ਰਿਹਾ ਹੈ । ਹੁਣ ਪੰਜ ਸਾਲ ਬਾਅਦ ਬੱਤੀ ਲੈਣ ਦੀ ਨਵੀਂ ਵਿਆਖਿਆ ਕਰਨ ਦੀ ਉਸ ਨੂੰ ਬਿਲਕੁਲ ਵੀ ਲੋੜ ਨਹੀਂ ਸੀ ਕਿਉਂਕਿ ਇਹ ਵਿਆਖਿਆ ਉਸ ਵਕਤ ਕੀਤੀ ਜਾਂਦੀ ਤਾਂ ਬਹੁਤ ਕਾਰਗਾਰ ਹੁੰਦੀ, ਜਿਸ ਵਕਤ, ਉਸ ਵਲੋਂ ਕਿਸੇ ਨੂੰ ਸਟੇਜ ਤੋਂ ਉਕਤ ਸ਼ਬਦ ਬੋਲੇ ਗਏ ਸਨ । ਹੁਣ ਪੰਜ ਸਾਲ ਬਾਅਦ ਉਕਤ ਸ਼ਬਦਾਂ ਦੀ ਵਿਆਖਿਆ ਕਰਕੇ ਮਾਨ ਨੇ ਖੁਦ ਹੀ ਇਹ ਸਾਬਤ ਕਰ ਦਿੱਤਾ ਹੈ ਕਿ ਉਸ ਦੁਆਰਾ ਗੁੱਸੇ ਵਿਚ ਬੋਲੇ ਗਏ ਉਕਤ ਸ਼ਬਦ ਬੇਸ਼ੱਕ ਗਲਤ ਸਨ, ਪਰ ਉਹ ਅੱਜ ਵੀ ਆਪਣੀ ਕੀਤੀ ਹੋਈ ਗਲਤੀ ਨੂੰ ਮੰਨਣ ਵਾਸਤੇ ਤਿਆਰ ਨਹੀਂ, ਇਸ ਦਾ ਕਾਰਨ ਉਸ ਅੰਦਰਲੀ ਆਦਮ ਕੱਦ ਈਗੋ ਬਿਰਤੀ ਹੈ ਜਾਂ ਆਪਣੇ ਆਪ ਨੂੰ ਲੋਕਾਂ ਤੋਂ ਵੱਧ ਲਿਆਣਾ ਸਮਝਣ ਦਾ ਭਰਮ ਹੈ, ਜਿਸ ਬਾਰੇ ਗੁਰਦਾਸਮਾਨ ਖੁਦ ਹੀ ਖੁਲਾਸਾ ਕਰੇ ਤਾਂ ਬੇਹਤਰ ਹੋਵੇਗਾ ।

ਮੈਂ ਇਥੇ ਸਿਰਫ ਏਹੀ ਕਹਾਂਗਾ ਕਿ ਗੁਰਦਾਸ ਮਾਨ ਨੂੰ ਇਸ ਮਸਲੇ ਦਾ ਹੱਲ ਕਰਨ ਵਾਸਤੇ ਹੋਰਾਂ ਦੀ ਬਜਾਏ ਆਪਣੇ ਨਾਮ (ਗੁਰ + ਦਾਸ = ਗੁਰਦਾਸ = ਗੁਰੂ ਦਾ ਦਾਸ) ਤੋਂ ਕੁਝ ਸੇਧ ਲੈ ਲੈਣੀ ਚਾਹੀਦੀ ਹੈ ਕਿਉਂ ਕਿ ਜੋ ਵਿਅਕਤੀ ਆਪਣੇ ਗੁਰੂ ਦਾ ਦਾਸ ਹੁੰਦਾ ਹੈ, ਉਹ ਗੁਰੂ ਦੀਆਂ ਸਿੱਖਿਆਵਾਂ ਦਾ ਪਾਲਣ ਬਹੁਤ ਹੀ ਨਿਮਰ ਹੋ ਕੇ ਕਰਦਾ ਹੈ, ਉਸ ਵਿਚ ਅੱਖੜਤਾ ਰੱਤੀ ਮਾਤਰ ਵੀ ਨਹੀਂ ਹੁੰਦੀ, ਉਹ ਹਾਊਮੈਂ ਤੋਂ ਰਹਿਤ ਹੋ ਕੇ ਚਲਦਾ ਤੇ ਗੁਰੂ ਦਾ ਦਾਸ ਬਣਨ ਦਾ ਏਹੀ ਇਕ ਰਸਤਾ ਹੈ, ਪਰ ਮਾਨ ਤਾਂ ਮੈਂ ਨਾ ਮਾਨੂੰ ਦੀ ਅੜੀ 'ਤੇ ਅੜਕੇ ਆਪਣੀ ਸਾਰੀ ਜਿੰਦਗੀ ਦੀ ਕਮਾਈ ਹੋਈ ਇੱਜਤ ਦਾਅ 'ਤੇ ਲਾਈ ਜਾ ਰਿਹਾ ਹੈ, ਇਹ ਕਿਥੋਂ ਦੀ ਅਕਲਮੰਦੀ ਹੋਈ ?

ਮੈਂ ਅੱਜ ਤੋਂ ਪੰਜ ਸਾਲ ਪਹਿਲਾਂ ਵੀ ਇਕ ਦੋ ਆਰਟੀਕਲ ਇਸ ਮਸਲੇ 'ਤੇ ਲਿਖੇ ਸਨ ਤੇ ਫਿਰ ਕਿਸਾਨ ਅੰਦੋਲਨ ਦੌਰਾਨ ਗੁਰਦਾਸ ਮਾਨ ਜਦੋਂ ਸੰਭੂ ਬਾਰਡਰ, ਸਿਰ 'ਤੇ ਪਰਨਾ ਬੰਨ੍ਹਕੇ ਗਿਆ ਸੀ ਤੇ ਬਾਅਦ ਵਿਚ ਇਸੇ ਵਿਸ਼ੇ ਨਾਲ ਸੰਬੰਧਿਤ ਗੀਤ "ਗੱਲ ਸੁਣੋ ਪੰਜਾਬੀਓ " ਰਿਲੀਜ ਕੀਤਾ ਸੀ, ਉਦੋਂ ਵੀ ਇਹ ਗੱਲ ਵਾਰ ਵਾਰ ਕਹੀ ਸੀ ਕਿ ਗੁਰਦਾਸ ਮਾਨ ਪੰਜਾਬੀਆਂ ਦਾ ਮਾਣ ਹੈ , ਗਲਤੀ ਹਰ ਇਕ ਤੋਂ ਹੁੰਦੀ ਹੈ, ਇਹ ਕੋਈ ਜੱਗੋਂ ਤੇਹਰਵੀਂ ਗੱਲ ਨਹੀਂ ਹੋਈ , ਇਸ ਕਰਕੇ ਬਿਨਾ ਕਿਸੇ ਵਾਦ ਵਿਵਾਦ ਉਸ ਨੂੰ ਗਲਤੀ ਮੰਨਕੇ ਇਸ ਮਸਲੇ ਤੋਂ ਅੱਗੇ ਵਧ ਜਾਣਾ ਚਾਹੀਦਾ ਹੈ, ਪੰਜਾਬੀ ਉਸ ਨੂੰ ਸਿਰ ਅੱਖਾਂ 'ਤੇ ਹੀ ਨਹੀਂ ਬਲਕਿ ਮੁੜ ਤੋਂ ਹਿਰਦੇ ਵਿਚ ਵਸਾ ਲੈਣਗੇ ।

ਮੈਂ ਇਹ ਗੱਲ ਵੀ ਵਾਰ ਵਾਰ ਕੀਤੀ ਸੀ ਕਿ ਇਸ ਮਸਲੇ ਨੂੰ ਜਿੰਨਾ ਲਮਕਾਇਆ ਜਾਵੇਗਾ, ਉਂਨਾ ਹੀ ਇਹ ਮਸਲਾ ਹੋਰ ਪੇਚੀਦਾ ਬਣ ਜਾਵੇਗਾ ਤੇ ਮੇਰੀ ਕਹੀ ਹੋਈ ਗੱਲ ਬਿਲਕੁਲ ਸਾਬਿਤ ਹੋ ਰਹੀ ਹੈ । ਹੁਣ ਇਹ ਮਸਲਾ ਮਾਨ ਨੇ ਖੁਦ ਆਪ ਹੀ ਏਨਾ ਕੁ ਉਲਝਾ ਲਿਆ ਹੈ ਕਿ ਹਾਲਾਤ " ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ" ਵਾਲੇ ਬਣ ਚੁੱਕੇ ਹਨ । ਉਂਜ ਕਹਿਣ ਨੂੰ ਬੇਸ਼ੱਕ ਕੋਈ ਵੀ ਕਹੀ ਜਾਵੇ ਕਿ ਗੁਰਦਾਸ ਮਾਨ ਨੂੰ ਮੁਆਫ ਕਰ ਦੇਣਾ ਚਾਹੀਦਾ ਤੇ ਮੈ ਵੀ ਏਹੀ ਹਾਮੀ ਭਰਦਾ ਹਾਂ, ਪਰ ਕੋਈ ਉਸ ਦੇ ਹੱਕ ਵਿਚ ਉਸ ਵੇਲੇ ਗੱਲ ਕਰਦਾ ਹੀ ਸੋਂਹਦਾ ਹੈ ਜੇਕਰ ਗੁਰਦਾਸ ਮਾਨ ਖੁਦ ਆਪ ਦਿਲੋਂ ਮਨੋ ਗਲਤੀ ਮੰਨਣ ਲਈ ਸੰਜੀਦਾ ਹੋਵੇ , ਜਦ ਕਿ ਉਹ ਅਜਿਹਾ ਕਰਨ ਵਾਸਤੇ ਅਜੇ ਵੀ ਤਿਆਰ ਨਹੀਂ, ਉਹ ਅਜੇ ਵੀ ਏਹੀ ਮੰਨਕੇ ਚੱਲ ਰਿਹਾ ਹੈ ਕਿ ਸ਼ਾਇਦ ਪੰਜ ਸਾਲ ਪਹਿਲਾਂ ਹੋਈ ਘਟਨਾ ਪੰਜਾਬੀ ਭੁੱਲ ਗਏ ਹੋਣਗੇ, ਉਹ ਆਪ ਹੀ ਮੰਨੀ ਜਾਂਦਾ ਹੈ ਕਿ ਗਲਤੀ ਉਹ ਆਪ ਨਹੀਂ ਮੰਗ ਰਿਹਾ, ਬਲਕਿ ਉਸ ਨੂੰ ਅਮਰੀਕਾ ਵਿਚ ਸ਼ੋਅ ਆਯੋਜਿਤ ਕਰਾਉਣ ਵਾਲੇ ਪਰੋਮੋਟਰਾ/ ਪ੍ਰਬੰਧਕਾਂ ਦੇ ਕਹਿਣ 'ਤੇ ਅਜਿਹਾ ਕਰਨਾ ਪੈ ਰਿਹਾ ਹੈ ।

ਨਿਰਸੰਦੇਹ ਗੁਰਦਾਸ ਮਾਨ ਪੰਜਾਬੀ ਗਾਇਕੀ ਦੀ ਧਰੂ ਤਾਰਾ ਹੈ, ਉਸ ਨੇ ਪੰਜਾਬੀ ਬੋਲੀ ਦਾ ਨਾਮ ਬਹੁਤ ਚਮਕਾਇਆ ਹੈ ਤੇ ਅਜਿਹਾ ਕਰਕੇ ਨਾਮ ਤੇ ਪੈਸਾ ਵੀ ਬਹੁਤ ਕਮਾਇਆ । ਉਸ ਨੇ ਜੋ ਵੀ ਲਿਖਿਆ ਤੇ ਗਾਇਆ ਉਸ ਨਾਲ ਪੰਜਾਬੀ ਬੋਲੀ ਦਾ ਬਹੁਤ ਮਾਣ ਤੇ ਸਨਮਾਨ ਹੋਇਆ, ਪਰ ਇਸ ਦੇ ਨਾਲ ਹੀ ਭੁੱਲਣਾ ਇਹ ਵੀ ਨਹੀਂ ਚਾਹੀਦਾ ਕਿ ਮਾਂ ਬੋਲੀ ਪੰਜਾਬੀ ਤੇ ਪੰਜਾਬੀ ਭਾਈਚਾਰੇ ਨੇ ਵੀ ਬਦਲੇ ਵਿੱਚ ਗੁਰਦਾਸ ਮਾਨ ਨੂੰ ਬਹੁਤ ਕੁੱਜ ਦਿੱਤਾ, ਉਸ ਨੂੰ ਦੌਲਤ, ਸ਼ੋਹਰਤ ਤੇ ਜਗਤ ਪਰਸਿੱਧੀ ਦਿੱਤੀ ਤੇ ਉਸ ਦੇ ਨਾਮ ਨਾਲ ਪੰਜਾਬੀ ਲੋਕਾਈ ਨੇ ਪੰਜਾਬੀ ਗਾਇਕੀ ਦਾ ਬਾਬਾ ਬੋਹੜ ਹੋਣ ਦਾ ਲਕਬ ਵੀ ਜੋੜਿਆ ।

ਗੁਰਦਾਸ ਮਾਨ ਦੀ ਆਪਣੀ ਕੀਤੀ ਹੋਈ ਗਲਤੀ ਨੂੰ ਸੁਧਾਰਨ ਲਈ ਕੀਤੀ ਹਰ ਕੋਸ਼ਿਸ਼ ਤੋ ਬਾਅਦ ਹੁਣ ਇਹ ਗੱਲ ਵੀ ਉਭਰਕੇ ਸਾਹਮਣੇ ਆ ਰਹੀ ਹੈ ਕਿ ਸ਼ਾਇਦ ਉਸ ਨੂੰ ਅਜੇ ਤੱਕ ਵੀ ਇਹ ਸਮਝ ਨਹੀਂ ਆਈ ਕਿ ਮੁੱਖ ਮੁੱਦਾ ਗੁਰਦਾਸ ਮਾਨ ਬਨਾਮ ਪੰਜਾਬੀ ਬੋਲੀ ਦਾ ਨਹੀਂ ਬਲਕਿ ਮੁੱਦਾ ਤਾਂ ਉਸ ਦੁਆਰਾ ਉਹਨਾਂ ਫਿਰਕੂ ਤਾਕਤਾਂ, ਜੋ ਹਮੇਸ਼ਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਘਾਣ ਕਰਦੀਆਂ ਰਹੀਆ ਹਨ, ਦਾ ਹੱਥ ਠੋਕਾ ਬਣਕੇ ਪੰਜਾਬੀਅਤ ਦੇ ਵਿਰੋਧ ਚ ਭੁਗਤ ਜਾਣਾ ਹੈ । ਗੁਰਾਦਾਸ ਮਾਨ ਦੀ ਕਲਾਕਾਰੀ 'ਤੇ ਕਿਸੇ ਨੂੰ ਵੀ ਕੋਈ ਕਿੰਤੂ ਨਹੀਂ, ਬਸ ਗਿਲਾ, ਦੁੱਖ ਤੇ ਅਫ਼ਸੋਸ ਇਸ ਗੱਲ ਦਾ ਹੈ ਕਿ ਲੋਕ ਜਿਸ ਗੁਰਦਾਸ ਮਾਨ ਨੂੰ ਪੰਜਾਬੀਅਤ ਦਾ ਤਾਜ ਸਮਝਦੇ ਸਨ, ਉਸੇ ਗੁਰਦਾਸ ਮਾਨ ਨੇ ਉਸ ਤਾਜ ਨੂੰ ਫਿਰਕੂ ਤਾਕਤਾਂ ਦੇ ਪੈਰਾਂ ਚ ਸੁੱਟਣ ਦੀ ਕੋਸ਼ਿਸ਼ ਕੀਤੀ ਹੈ। 1947 ਤੋ ਲੈ ਕੇ ਅੱਜ ਤੱਕ ਪੰਜਾਬੀ ਜਿਹਨਾ ਤਾਕਤਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ ਜੇਕਰ ਗੁਰਦਾਸ ਉਹਨਾਂ ਦੇ ਹੱਕ ਚ ਭੁਗਤਿਆ ਹੈ ਤਾਂ ਨਿਸ਼ਚੇ ਹੀ ਉਸ ਨੂੰ ਪੰਜਾਬੀਆ ਦੇ ਗ਼ੁੱਸੇ ਦਾ ਸ਼ਿਕਾਰ ਵੀ ਹੋਣਾ ਹੀ ਪੈਣਾ ਸੀ। ਇਹ ਭੁੱਲ ਸੁਧਾਰੀ ਜਾ ਸਕਦੀ ਸੀ ਪਰ ਸਮੇਂ ਦੇ ਵਕਫ਼ੇ ਨਾਲ ਇਹ ਸੰਭਾਵਨਾ ਹੁਣ ਬਹੁਤ ਮੱਧਮ ਹੋ ਗਈ ਹੈ। ਗੁਰਦਾਸ ਮਾਨ ਦੀ ਹਰ ਕੋਸ਼ਿਸ਼ , ਲੋਕ ਮਨਾ ਚ ਉਸ ਪ੍ਰਤੀ ਪਹਿਲੀ ਪਈ ਦੂਰੀ ਦੀ ਤਰੇੜ ਨੂੰ ਹੋਰ ਪੱਕਾ ਕਰਨ ਦਾ ਕੰਮ ਕਰ ਰਹੀ ਹੈ ਤੇ ਗਲਤੀ ਮੰਨਣ ਸਬੰਧੀ ਸ਼ੋਸ਼ਲ ਮੀਡੀਓ ਉੱਤੇ ਵਾਇਰਲ ਹੋਈ ਉਸ ਦੀ ਤਾਜਾ ਵੀਡੀਓ, ਲੋਕ ਮਨਾਂ ਵਿਚ ਹੋਰ ਬਹੁਤ ਸਾਰੇ ਨਵੇਂ ਕਿੰਤੂ ਪਰੰਤੂ ਖੜ੍ਹੇ ਕਰ ਗਈ ਹੈ ਜਿਸ ਨਾਲ ਉਹ ਲੋਕ ਮਨਾਂ ਤੋਂ ਹੋਰ ਦੂਰ ਖਿਸਕ ਗਿਆ ਹੈ, ਜਿਸ ਦਾ ਬੇਹੱਦ ਅਫ਼ਸੋਸ ਹੈ ।



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

# ਕਹਾਣੀ - ਵਿਸ਼ਾ: ਸ਼ਰਾਧ



ਸ਼ਰਾਧ ਚੜ ਚੁੱਕੇ ਸੀ ਲੋਕ ਆਪਣੇ ਵੱਡੇ ਵੱਡ਼ਿਰਿਆਂ ਦੇ ਸ਼ਰਾਧ ਕਰ ਰਹੇ ਸੀ।
ਅਮਨ ਕਹਿਣ ਲੱਗੀ ਆਹ ਮੇਰੀ ਗੱਲ ਸੁਣਿਓ ਜੀ/- ਕੱਲ ਨੂੰ ਬਾਪੂ ਜੀ ਦਾ ਸਰਾਧ ਹੈ ਆਹ /ਸਮਾਨ ਲਿਆ ਕੇ ਦਿਓ ਜੀ*
ਸ਼ਾਮ ਕਹਿਣ ਲੱਗਿਆ ਦੱਸੋ ਜੀ-
ਦੱਸਣਾ ਕੀ ਹੈ ਕਾਜੂ ਬਦਾਮ ਤੇ ਖੋਪਾ ਦਾਖਾਂ-ਖੀਰ ਪ੍ਰਸ਼ਾਦ ਬਣਾਵਾਂਗੇ *
ਇਨੀ ਦੇਰ ਨੂੰ ਹਰਸ਼ ਖੇਡਦਾ ਬਾਹਰੋਂ ਆ ਗਿਆ*
ਮੱਮੀ ਇਨਾ ਕੁਝ ਕਿਉਂ ਬਣਾਇਆ ਹੈ *
ਇਹ ਤੇਰੇ ਦਾਦੇ ਦਾ ਸ਼ਰਾਧ ਖਵਾਉਣਾ ਹੈ ਬੇਟਾ ਤੂੰ ਵੀ ਰੋਟੀ ਨੂੰ ਹੱਥ ਲਗਾ ਦੇ *
ਅਮਨ ਨੇ ਖੀਰ ਪ੍ਰਸ਼ਾਦ ਰੋਟੀ ਤਿਆਰ ਕਰ ਲਈ *
ਜਾਓ ਜੀ ਪੰਡਿਤ ਜੀ ਨੂੰ ਬੁਲਾ ਲਿਓ ਸ਼ਰਾਧ ਖਵਾ ਦਈਏ*
ਹਰਸ਼ ਕਹਿੰਦਾ ਨਹੀਂ ਕਿਸੇ ਪੰਡਿਤ ਨੂੰ ਨਹੀਂ ਬੁਲਾਉਣਾ *
ਖਬਰਦਾਰ ਜੇ ਸ਼ਰਾਧ ਸ਼ਰੂਧ ਦਾ ਨਾਂ ਲਿਆ *
ਇਹ ਉਸੇ ਦਾਦੇ ਦਾ ਸ਼ਰਾਧ ਖਵਾ ਰਹੇ ਹੋ*
ਜੋ ਮੇਰੇ ਜਨਮ ਦਿਨ ਵੇਲੇ ਤਿਨ ਵਜੇ ਤੱਕ ਰੋਟੀ ਨੂੰ ਵਾਜਾਂ ਮਾਰ ਰਿਹਾ ਸੀ ਗੇਟ ਤੋ ਬਾਹਰ ਬੈਠਾ *
ਜਿਉਂਦੇ ਨੂੰ ਪਾਣੀ ਨਹੀਂ ਫੜਾਇਆ *ਮਰੇ ਦੇ ਕਾਜੂ ਬਦਾਮਾਂ ਵਾਲੀ ਖੀਰ ਖਵਾ ਰਹੇ ਸ਼ਰਾਧ ਕਰਕੇ *
ਅਮਨ ਤੇ ਸ਼ਾਮ ਗੱਲ ਸੁਣ ਕੇ ਹੈਰਾਨ ਰਹਿ ਗਏ *
ਹਰਸ਼ ਕਹਿਣ ਲੱਗਾ ਮੰਮੀ ਪਾਪਾ ਜਿਉਂਦੇ ਜੋ ਮਰਜੀ ਖਾ ਪੀ ਲਓ *
ਮਰਿਆ ਬਾਅਦ ਮੈਂ ਕਿਸੇ ਦਾ ਸ਼ਰਾਧ ਨਹੀਂ ਕਰਨਾ *ਹਰਸ਼ ਖੀਰ ਪ੍ਰਸ਼ਾਦ ਚੱਕ ਕੇ ਬਾਹਰ ਜਮਾਂ ਦਾਰਾਂ ਨੂੰ ਫੜਾ ਆਇਆ * ਅਮਨ ਤੇ ਸ਼ਾਮ ਚੁੱਪ ਕਰਕੇ ਬੈਠ ਗਏ।

ਮੱਖਣ ਸ਼ਰਮਾ ਬੁੱਟਰ ਗਿੱਦੜਬਹਾ







